# Seminar on
# Eye Donation

ਚੰਡੀਗੜ੍ਹ, ਪੰਜਾਬੀ ਟ੍ਰਿਬਿਊਨ, ਸੋਮਵਾਰ, 7 ਸਤੰਬਰ 2015

# ਨੇਤਰਦਾਨ ਪੰਦਰਵਾੜਾ ਮੁਹਿੰਮ ਤਹਿਤ ਸੈਮੀਨਾਰ

**ਨਿੱਜੀ ਪੱਤਰ ਪ੍ਰੇਰਕ**

**ਪਟਿਆਲਾ, 6 ਸਤੰਬਰ**

ਇੱਥੇ ਮੁਲਤਾਨੀ ਮੱਲ ਮੋਦੀ ਕਾਲਜ ਵਿੱਚ ਜ਼ਿਲ੍ਹਾ ਸਿਹਤ ਵਿਭਾਗ, ਸਿਵਲ ਸਰਜਨ ਦਫ਼ਤਰ ਪਟਿਆਲਾ ਦੇ ਸਹਿਯੋਗ ਨਾਲ 'ਨੇਤਰਦਾਨ ਪੰਦਰਵਾੜਾ ਮੁਹਿੰਮ' ਅਧੀਨ ਵਿਦਿਆਰਥੀਆਂ ਨੂੰ ਅੱਖਾਂ ਦਾਨ ਕਰਨ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ ਜਿਸਦਾ ਉਦਘਾਟਨ ਸਿਵਲ ਸਰਜਨ ਡਾ. ਰਾਜੀਵ ਭੱਲਾ ਨੇ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਪੜ੍ਹੇ-ਲਿਖੇ ਨੌਜਵਾਨ ਆਮ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਕਰ ਕੇ ਮਰਨ ਉਪਰੰਤ ਨੇਤਰਦਾਨ ਕਰਨ ਲਈ ਪ੍ਰੇਰਿਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿੱਚ ਲਗਭਗ 35 ਲੱਖ ਨੇਤਰਹੀਣ ਵਿਅਕਤੀ ਹਨ ਜੋ ਦੁਨੀਆਂ ਦੇ ਕੁੱਲ ਨੇਤਰਹੀਣਾਂ ਦਾ ਪੰਜਵਾਂ ਹਿੱਸਾ ਹਨ ਜਦਕਿ ਦੇਸ਼ ਵਿੱਚ ਇੱਕ ਸਾਲ ਦੌਰਾਨ ਸਿਰਫ਼ 35 ਹਜ਼ਾਰ ਵਿਅਕਤੀ ਹੀ ਨੇਤਰਦਾਨ ਕਰਨ ਲਈ ਤਿਆਰ ਹੁੰਦੇ ਹਨ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਨੇਤਰਦਾਨ ਕਰਨ ਦੀ ਸਹੁੰ ਚੁੱਕੀ ਹੈ ਤਾਂ ਉਸ ਦੇ ਰਿਸ਼ਤੇਦਾਰਾਂ ਨੂੰ ਉਸ ਦੀ ਮੌਤ ਦੇ 6 ਘੰਟੇ ਦੇ ਵਿੱਚ 1919 ਨੰਬਰ 'ਤੇ ਡਾਕਟਰਾਂ ਨੂੰ ਸੂਚਿਤ ਕਰ ਦੇਣਾ ਚਾਹੀਦਾ ਹੈ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਅੱਖਾਂ ਦੀ ਦ੍ਰਿਸ਼ਟੀ ਤੋਂ ਵਿਹੂਣੇ ਵਿਅਕਤੀਆਂ ਦੇ ਦਰਦ ਅਤੇ ਮੁਸ਼ਕਲਾਂ ਨੂੰ ਮਹਿਸੂਸ ਕਰ ਕੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਦੀ ਕਿਰਨ ਬਣਨ ਦਾ ਯਤਨ ਕਰਨ ਅਤੇ ਮੌਤ ਤੋਂ ਬਾਅਦ ਆਪਣੀਆਂ ਅੱਖਾਂ ਦਾਨ ਕਰਨ ਦਾ ਪ੍ਰਣ ਕਰਨ। ਇਸ ਮੌਕੇ ਡਾ. ਹਰੀਸ਼ ਮਲਹੋਤਰਾ, ਸਹਾਇਕ ਸਿਵਲ ਸਰਜਨ, ਪਟਿਆਲਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਲੋਕਾਂ ਨੂੰ ਨੇਤਰਦਾਨ ਵਰਗੇ ਪਵਿੱਤਰ ਕਾਰਜ ਲਈ ਪ੍ਰੇਰਿਤ ਕਰਨ।

ਅਜੀਤ, ਚੰਡੀਗੜ੍ਹ

ਸਨਿਚਰਵਾਰ, 5 ਸਤੰਬਰ, 2015

# ਨੇਤਰਦਾਨ ਪੰਦਰਵਾੜਾ ਮੁਹਿੰਮ ਮੋਦੀ ਕਾਲਜ 'ਚ ਜਾਗਰੂਕਤਾ ਸੈਮੀਨਾਰ

ਪਟਿਆਲਾ, 4 ਸਤੰਬਰ (ਗੁਰਪ੍ਰੀਤ ਸਿੰਘ ਚੱਠਾ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਜ਼ਿਲ੍ਹਾ ਸਿਹਤ ਵਿਭਾਗ (ਦਫ਼ਤਰ, ਸਿਵਲ ਸਰਜਨ), ਪਟਿਆਲਾ ਦੇ ਸਹਿਯੋਗ ਨਾਲ ਨੇਤਰਦਾਨ ਪੰਦਰਵਾੜਾ ਮੁਹਿੰਮ ਅਧੀਨ ਵਿਦਿਆਰਥੀਆਂ ਨੂੰ ਅੱਖਾਂ ਦਾਨ ਕਰਨ ਬਾਰੇ ਜਾਗ੍ਰਿਤ ਕਰਨ ਲਈ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਉਦਘਾਟਨ ਮੌਕੇ ਸਿਵਲ ਸਰਜਨ ਪਟਿਆਲਾ ਡਾ. ਰਾਜੀਵ ਭੱਲਾ ਨੇ ਕਿਹਾ ਕਿ ਜੀਉਂਦੇ-ਜੀਅ ਖ਼ੂਨਦਾਨ ਕਰਨਾ ਅਤੇ ਮਰਨ ਉਪਰੰਤ ਨੇਤਰਦਾਨ ਕਰਨਾ ਮਨੁੱਖੀ ਭਲਾਈ ਦਾ ਸਭ ਤੋਂ ਉੱਤਮ ਕਾਰਜ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਨੌਜਵਾਨ ਪੀੜ੍ਹੀ ਹੀ ਦੇਸ਼ ਦੀ ਤਕਦੀਰ ਬਦਲ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਨੇਤਰਦਾਨ ਕਰਨ ਦੀ ਸਹੁੰ ਚੁੱਕੀ ਹੈ ਤਾਂ ਉਸ ਦੇ ਰਿਸ਼ਤੇਦਾਰਾਂ ਨੂੰ ਉਸ ਦੀ ਮੌਤ ਦੇ 6 ਘੰਟੇ ਦੇ ਵਿਚ-ਵਿਚ 1919 ਨੰਬਰ 'ਤੇ ਫ਼ੋਨ ਕਰਕੇ ਡਾਕਟਰਾਂ ਨੂੰ ਸੂਚਿਤ ਕਰ ਦੇਣਾ ਚਾਹੀਦਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਹਿਮਾਨਾਂ ਅਤੇ ਮਾਹਿਰਵਕਤਾਵਾਂ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਅੱਖਾਂ ਦੀ ਦ੍ਰਿਸ਼ਟੀ ਤੋਂ ਵਿਹੂਣੇ ਵਿਅਕਤੀਆਂ ਦੇ ਦਰਦ ਅਤੇ ਮੁਸ਼ਕਲਾਂ ਨੂੰ ਮਹਿਸੂਸ ਕਰਕੇ, ਉਨ੍ਹਾਂ ਦੀ ਜ਼ਿੰਦਗੀ ਵਿਚ ਰੌਸ਼ਨੀ ਦੀ ਕਿਰਨ ਬਣਨ ਦਾ ਯਤਨ ਕਰਨ ਅਤੇ ਮੌਤ ਤੋਂ ਬਾਅਦ ਆਪਣੀਆਂ ਅੱਖਾਂ ਦਾਨ ਕਰਨ ਦਾ ਪ੍ਰਣ ਕਰਨ। ਖੁਸ਼ਵਿੰਦਰ ਕੁਮਾਰ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਬਹੁਤ ਪਹਿਲਾਂ ਹੀ ਡੀ.ਐਮ.ਸੀ. ਲੁਧਿਆਣਾ ਵਿਖੇ ਨੇਤਰਦਾਨ ਕਰਨ ਦਾ ਹਲਫ਼ ਲਿਆ ਹੋਇਆ ਹੈ। ਇਸ ਮੌਕੇ 'ਤੇ ਡਾ. ਹਰੀਸ਼ ਮਲਹੋਤਰਾ, ਸਹਾਇਕ ਸਿਵਲ ਸਰਜਨ, ਪਟਿਆਲਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਘਰਾਂ ਵਿਚ ਅਤੇ ਆਂਢ-ਗੁਆਂਢ ਵਿਚ ਨੇਤਰਦਾਨ ਬਾਰੇ ਪ੍ਰਚਲਿਤ ਲੋਕਾਂ ਵਿਚਲੇ ਭਰਮ ਭੁਲੇਖੇ ਦੂਰ ਕਰਕੇ ਉਨ੍ਹਾਂ ਨੂੰ ਨੇਤਰਦਾਨ ਵਰਗੇ ਪਵਿੱਤਰ ਕਾਰਜ ਲਈ ਪ੍ਰੇਰਿਤ ਕਰਨ। ਇਸ ਮੌਕੇ 'ਤੇ ਅੱਖਾਂ ਦੀ ਮਾਹਿਰ ਡਾਕਟਰ ਮਨਪ੍ਰੀਤ ਵਾਲੀਆ, ਸ੍ਰੀ ਹਰਦੀਪ ਰੰਧਾਵਾ, ਸ੍ਰੀ ਕ੍ਰਿਸ਼ਨ ਕੁਮਾਰ ਜ਼ਿਲ੍ਹਾ ਮਾਸ-ਮੀਡੀਆ ਅਫ਼ਸਰ ਸਿਹਤ ਵਿਭਾਗ ਪਟਿਆਲਾ ਅਤੇ ਸ੍ਰੀ ਅਮਰਜੀਤ ਸਿੰਘ ਸੋਹੀ ਡਿਪਟੀ ਮਾਸ-ਮੀਡੀਆ ਅਫ਼ਸਰ ਪਟਿਆਲਾ ਆਦਿ ਸ਼ਾਮਲ ਸਨ। ਇਸ ਸੈਮੀਨਾਰ ਦੌਰਾਨ ਮੰਚ ਦੀ ਕਾਰਵਾਈ ਕਾਲਜ ਦੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਡਾ. ਰਾਜੀਵ ਸ਼ਰਮਾ ਨੇ ਚਲਾਈ ਅਤੇ ਧੰਨਵਾਦ ਦੇ ਸ਼ਬਦ ਪ੍ਰੋ. ਹਰਮੋਹਨ ਸ਼ਰਮਾ ਨੇ ਕਹੇ।



ਸਥਾਨਕ ਮੋਦੀ ਕਾਲਜ ਕਰਵਾਏ ਗਏ ਜ਼ਿਲ੍ਹਾ ਪੱਧਰੀ ਸੈਮੀਨਾਰ ਦੌਰਾਨ ਅੱਖਾਂ ਦਾਨ ਕਰਨ ਬਾਰੇ ਦੱਸਦੇ ਹੋਏ।

*ਅਜੀਤ ਤਸਵੀਰ*

ਸਪੋਕਸਮੈਨ

ਸਨਿਚਰਵਾਰ, 5 ਸਤੰਬਰ, 2015

## ਨੇਤਰਦਾਨ ਪੰਦਰਵਾੜਾ ਮੁਹਿੰਮ ਤਹਿਤ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਜਾਗਰੂਕਤਾ ਸੈਮੀਨਾਰ

ਪਟਿਆਲਾ, 4 ਸਤੰਬਰ (ਧਰਮਿੰਦਰ ਪਾਲ ਸਿੰਘ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਜ਼ਿਲ੍ਹਾ ਸਿਹਤ ਵਿਭਾਗ ਦੇ ਸਹਿਯੋਗ ਨਾਲ ਨੇਤਰਦਾਨ ਪੰਦਰਵਾੜਾ ਮੁਹਿਮ ਅਧੀਨ ਵਿਦਿਆਰਥੀਆਂ ਨੂੰ ਅੱਖਾਂ ਦਾਨ ਕਰਨ ਬਾਰੇ ਜਾਗ੍ਰਿਤ ਕਰਨ ਲਈ ਇਕ ਵਿਸ਼ੇਸ਼ ਸੈਮੀਨਾਰ ਕੀਤਾ ਗਿਆ। ਸੈਮੀਨਾਰ ਦਾ ਉਦਘਾਟਨ ਕਰਦਿਆਂ ਸਿਵਲ ਸਰਜਨ ਡਾ. ਰਾਜੀਵ ਭੱਲਾ ਨੇ ਕਿਹਾ ਕਿ ਜੀਉਂਦੇ-ਜੀਅ ਖ਼ੂਨਦਾਨ ਕਰਨਾ ਤੇ ਮਰਨ ਉਪਰੰਤ ਨੇਤਰਦਾਨ ਕਰਨਾ ਮਨੁੱਖੀ ਭਲਾਈ ਦਾ ਸਭ ਤੋਂ ਉੱਤਮ ਕਾਰਜ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਖ਼ੁਸ਼ਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਅੱਖਾਂ ਦੀ ਦ੍ਰਿਸ਼ਟੀ ਤੋਂ ਵਿਹੂਣੇ ਵਿਅਕਤੀਆਂ ਦੇ ਦਰਦ ਅਤੇ ਮੁਸ਼ਕਲਾਂ ਨੂੰ ਮਹਿਸੂਸ ਕਰ ਕੇ, ਉਨ੍ਹਾਂ ਦੀ ਜ਼ਿੰਦਗੀ 'ਚ ਰੌਸ਼ਨੀ ਦੀ ਕਿਰਨ ਬਣਨ ਦਾ ਯਤਨ ਕਰਨ ਤੇ ਮੌਤ ਤੋਂ ਬਾਅਦ ਅਪਣੀਆਂ ਅੱਖਾਂ ਦਾਨ ਕਰਨ ਦਾ ਪ੍ਰਣ ਕਰਨ।

ਪੰਜਾਬੀ ਜਾਗਰਣ

6 ਸਤੰਬਰ, 2015

# '35 ਲੱਖ ਨੇਤਰਹੀਣਾਂ ਲਈ ਸਿਰਫ 35 ਹਜ਼ਾਰ ਆ ਰਹੇ ਅੱਗੇ'

**ਸੂਰਤੇਹਾਲ**

- ਮੁਲਤਾਨੀ ਮੱਲ ਮੋਦੀ ਕਾਲਜ 'ਚ ਜਾਗਰੂਕਤਾ ਸੈਮੀਨਾਰ ਕਰਵਾਇਆ
- ਭਰਮ-ਭੁਲੇਖੇ ਛੱਡ ਕੇ ਅੱਖਾਂ ਦਾਨ ਕਰਨ ਦਾ ਦਿੱਤਾ ਸੱਦਾ



ਸਿਵਲ ਸਰਜਨ ਡਾ. ਰਾਜੀਵ ਭੱਲਾ ਮੋਦੀ ਕਾਲਜ 'ਚ ਸੈਮੀਨਾਰ ਦੌਰਾਨ ਸੰਬੋਧਨ ਕਰਦੇ ਹੋਏ, ਨਾਲ ਹਨ ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ, ਸਹਾਇਕ ਸਿਵਲ ਸਰਜਨ ਡਾ. ਹਰੀਸ਼ ਮਲਹੋਤਰਾ ਤੇ ਹੋਰ। ਪੰਜਾਬੀ ਜਾਗਰਣ

**ਸਟਾਫ ਰਿਪੋਰਟਰ, ਪਟਿਆਲਾ :** ਮੁਲਤਾਨੀ ਮੱਲ ਮੋਦੀ ਕਾਲਜ 'ਚ ਜ਼ਿਲ੍ਹਾ ਸਿਹਤ ਵਿਭਾਗ ਦੇ ਸਹਿਯੋਗ ਨਾਲ 'ਨੇਤਰਦਾਨ ਪੰਦਰਵਾੜਾ ਮੁਹਿੰਮ' ਅਧੀਨ ਵਿਦਿਆਰਥੀਆਂ ਨੂੰ ਅੱਖਾਂ ਦਾਨ ਕਰਨ ਬਾਰੇ ਜਾਗ੍ਰਿਤ ਕਰਨ ਲਈ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦਾ ਉਦਘਾਟਨ ਕਰਦਿਆਂ ਸਿਵਲ ਸਰਜਨ ਡਾ. ਰਾਜੀਵ ਭੱਲਾ ਨੇ ਕਿਹਾ ਕਿ ਜੀਉਂਦੇ-ਜੀਅ ਖੂਨਦਾਨ ਕਰਨਾ ਅਤੇ ਮਰਨ ਉਪਰੰਤ ਨੇਤਰਦਾਨ ਕਰਨਾ ਮਨੁੱਖੀ ਭਲਾਈ ਦਾ ਸਭ ਤੋਂ ਉਤਮ ਕਾਰਜ ਹੈ।

ਡਾ. ਰਾਜੀਵ ਭੱਲਾ ਨੇ ਦੱਸਿਆ ਕਿ ਸਾਡੇ ਦੇਸ਼ ਵਿਚ ਲਗਪਗ 35 ਲੱਖ ਨੇਤਰਹੀਣ ਵਿਅਕਤੀ ਹਨ, ਜੋ ਕਿ ਦੁਨੀਆਂ ਦੇ ਕੁਲ ਨੇਤਰਹੀਣਾਂ ਦਾ ਪੰਜਵਾਂ ਹਿੱਸਾ ਬਣਦੇ ਹਨ ਤੇ ਦੇਸ਼ ਵਿਚ ਇਕ ਸਾਲ ਦੌਰਾਨ ਸਿਰਫ਼ 35 ਹਜ਼ਾਰ ਵਿਅਕਤੀ ਹੀ ਨੇਤਰਦਾਨ ਕਰਨ ਲਈ ਤਿਆਰ ਹੁੰਦੇ ਹਨ। ਅਜਿਹੀ ਸਥਿਤੀ ਦਾ ਟਾਕਰਾ ਕਰਨ ਲਈ ਵੱਡੀ ਗਿਣਤੀ ਵਿਚ ਲੋਕਾਂ ਨੂੰ ਨੇਤਰਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਅੱਖਾਂ ਦੀ ਦ੍ਰਿਸ਼ਟੀ ਤੋਂ ਵਿਹੂਣੇ ਵਿਅਕਤੀਆਂ ਦੇ ਦਰਦ ਅਤੇ ਮੁਸ਼ਕਲਾਂ ਨੂੰ ਮਹਿਸੂਸ ਕਰਨ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਹਰੀਸ਼ ਮਲਹੋਤਰਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਘਰਾਂ ਵਿਚ ਅਤੇ ਆਂਢ-ਗੁਆਂਢ ਵਿਚ ਨੇਤਰਦਾਨ ਬਾਰੇ ਪ੍ਰਚਲਿਤ ਲੋਕਾਂ ਵਿਚਲੇ ਭਰਮ ਭੁਲੇਖੇ ਦੂਰ ਕਰਕੇ ਉਨ੍ਹਾਂ ਨੂੰ ਨੇਤਰਦਾਨ ਵਰਗੇ ਪਵਿੱਤਰ ਕਾਰਜ ਲਈ ਪ੍ਰੇਰਿਤ ਕਰਨ। ਹਰਦੀਪ ਰੰਧਾਵਾ ਨੇ ਅੱਖਾਂ ਦੀ ਸਾਂਭ-ਸੰਭਾਲ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਜਿਲ੍ਹਾ ਮਾਸ ਮੀਡੀਆ ਅਫਸਰ ਕ੍ਰਿਸ਼ਨ ਕੁਮਾਰ ਅਤੇ ਡਿਪਟੀ ਮਾਸ ਮੀਡੀਆ ਅਫਸਰ ਅਮਰਜੀਤ ਸਿੰਘ ਸੋਹੀ ਵਿਸ਼ੇਸ ਤੌਰ 'ਤੇ ਪੁੱਜੇ। ਇਸ ਸੈਮੀਨਾਰ ਦੌਰਾਨ ਮੰਚ ਦੀ ਕਾਰਵਾਈ ਕਾਲਜ ਦੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਡਾ. ਰਾਜੀਵ ਸ਼ਰਮਾ ਨੇ ਚਲਾਈ ਅਤੇ ਧੰਨਵਾਦ ਦੇ ਸ਼ਬਦ ਪ੍ਰੋ. ਹਰਮੋਹਨ ਸ਼ਰਮਾ ਨੇ ਕਹੇ।

ਚੜ੍ਹਦੀਕਲਾ

(4) ਪਟਿਆਲਾ, ਐਤਵਾਰ, 6 ਸਤੰਬਰ , 2015

# 'ਨੇਤਰਦਾਨ ਪੰਦਰਵਾੜਾ ਮੁਹਿੰਮ' ਅਧੀਨ ਮੋਦੀ ਕਾਲਜ ਵਿਖੇ ਜਾਗਰੂਕਤਾ ਸੈਮੀਨਾਰ ਆਯੋਜਿਤ



ਪਟਿਆਲਾ, 5 ਸਤੰਬਰ (ਗੁਰਮੁੱਖ ਰੁਪਾਣਾ): ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਜ਼ਿਲ੍ਹਾ ਸਿਹਤ ਵਿਭਾਗ (ਦਫਤਰ, ਸਿਵਲ ਸਰਜਨ), ਪਟਿਆਲਾ ਦੇ ਸਹਿਯੋਗ ਨਾਲ 'ਨੇਤਰਦਾਨ ਪੰਦਰਵਾੜਾ ਮੁਹਿੰਮ 'ਅਧੀਨ ਵਿਦਿਆਰਥੀਆਂ ਨੂੰ ਅੱਖਾਂ ਦਾਨ ਕਰਨ ਬਾਰੇ ਜਾਗ੍ਰਿਤ ਕਰਨ ਲਈ ਇੱਕ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ। ਸੈਮੀਨਾਰ ਦਾ ਉਦਘਾਟਨ ਕਰਦਿਆਂ ਸਿਵਲ ਸਰਜਨ, ਪਟਿਆਲਾ, ਡਾ. ਰਾਜੀਵ ਭੱਲਾ ਨੇ ਕਿਹਾ ਕਿ ਜੀਉਂਦੇ-ਜੀਅ ਖੂਨਦਾਨ ਕਰਨਾ ਅਤੇ ਮਰਨ ਉਪਰੰਤ ਨੇਤਰਦਾਨ ਕਰਨਾ ਮਨੁੱਖੀ-ਭਲਾਈ ਦਾ ਸਭ ਤੋਂ ਉੱਤਮ ਕਾਰਜ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਨੌਜਵਾਨ ਪੀੜ੍ਹੀ ਹੀ ਦੇਸ਼ ਦੀ ਤਕਦੀਰ ਬਦਲ ਸਕਦੀ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿਚ ਲਗਭਗ 35 ਲੱਖ ਨੇਤਰਹੀਣ ਵਿਅਕਤੀ ਹਨ, ਜੋ ਕਿ ਦੁਨੀਆਂ ਦੇ ਕੁਲ ਨੇਤਰਹੀਣਾਂ ਦਾ ਪੰਜਵਾਂ ਹਿੱਸਾ ਬਣਦੇ ਹਨ ਤੇ ਦੇਸ਼ ਵਿਚ ਇਕ ਸਾਲ ਦੌਰਾਨ ਸਿਰਫ਼ 35 ਹਜ਼ਾਰ ਵਿਅਕਤੀ ਹੀ ਨੇਤਰਦਾਨ ਕਰਨ ਲਈ ਤਿਆਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਨੇਤਰਦਾਨ ਕਰਨ ਦੀ ਸਹੁੰ ਚੁੱਕੀ ਹੈ ਤਾਂ ਉਸਦੇ ਰਿਸ਼ਤੇਦਾਰਾਂ ਨੂੰ ਉਸਦੀ ਮੌਤ ਦੇ 6 ਘੰਟੇ ਦੇ ਵਿਚ-ਵਿਚ 1919 ਨੰਬਰ 'ਤੇ ਫੋਨ ਕਰਕੇ ਡਾਕਟਰਾਂ ਨੂੰ ਸੂਚਿਤ ਕਰ ਦੇਣਾ ਚਾਹੀਦਾ ਹੈ।

ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਹਿਮਾਨਾਂ ਅਤੇ ਮਾਹਿਰ-ਵਕਤਾਵਾਂ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਅੱਖਾਂ ਦੀ ਦ੍ਰਿਸ਼ਟੀ ਤੋਂ ਵਿਹੂਣੇ ਵਿਅਕਤੀਆਂ ਦੇ ਦਰਦ ਅਤੇ ਮੁਸ਼ਕਿਲਾਂ ਨੂੰ ਮਹਿਸੂਸ ਕਰਕੇ, ਉਨ੍ਹਾਂ ਦੀ ਜ਼ਿੰਦਗੀ ਵਿਚ ਰੌਸ਼ਨੀ ਦੀ ਕਿਰਨ ਬਣਨ ਦਾ ਯਤਨ ਕਰਨ ਅਤੇ ਮੌਤ ਤੋਂ ਬਾਅਦ ਆਪਣੀਆਂ ਅੱਖਾਂ ਦਾਨ ਕਰਨ ਦਾ ਪ੍ਰਣ ਕਰਨ। ਇਸ ਅਵਸਰ 'ਤੇ ਡਾ. ਹਰੀਸ਼ ਮਲਹੋਤਰਾ, ਸਹਾਇਕ ਸਿਵਲ ਸਰਜਨ, ਪਟਿਆਲਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਘਰਾਂ ਵਿਚ ਅਤੇ ਆਂਢ-ਗੁਆਂਢ ਵਿਚ ਨੇਤਰਦਾਨ ਬਾਰੇ ਪ੍ਰਚਲਿਤ ਲੋਕਾਂ ਵਿਚਲੇ ਭਰਮ ਭੁਲੇਖੇ ਦੂਰ ਕਰਕੇ ਉਨ੍ਹਾਂ ਨੂੰ ਨੇਤਰਦਾਨ ਵਰਗੇ ਪਵਿੱਤਰ ਕਾਰਜ ਲਈ ਪ੍ਰੇਰਿਤ ਕਰਨ। ਇਸ ਅਵਸਰ 'ਤੇ ਅੱਖਾਂ ਦੀ ਮਾਹਿਰ ਡਾਕਟਰ ਮਨਪ੍ਰੀਤ ਵਾਲੀਆ ਨੇ ਵੀ ਵਿਦਿਆਰਥੀਆਂ ਨੂੰ ਨੇਤਰਦਾਨ ਕਰਨ ਲਈ ਪ੍ਰੇਰਿਤ ਕੀਤਾ। ਸ੍ਰੀ ਹਰਦੀਪ ਰੰਧਾਵਾ ਨੇ ਅੱਖਾਂ ਦੀ ਸਾਂਭ-ਸੰਭਾਲ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਕਿਤਾਬਾਂ ਪੜ੍ਹਨ ਅਤੇ ਕੰਪਿਊਟਰ 'ਤੇ ਕੰਮ ਕਰਨ ਸਮੇਂ ਘੱਟੋ-ਘੱਟ 14 ਇੰਚ ਦੀ ਦੂਰੀ ਰੱਖਣੀ ਚਾਹੀਦੀ ਹੈ ਅਤੇ ਕੰਮ ਕਰਦਿਆਂ ਅੱਖਾਂ ਨੂੰ ਝਮਕਦੇ ਵੀ ਰਹਿਣਾ ਚਾਹੀਦਾ ਹੈ। ਸ੍ਰੀ ਕ੍ਰਿਸ਼ਨ ਕੁਮਾਰ, ਜ਼ਿਲ੍ਹਾ ਮਾਸ-ਮੀਡੀਆ ਅਫ਼ਸਰ, ਸਿਹਤ ਵਿਭਾਗ, ਪਟਿਆਲਾ ਅਤੇ ਸ੍ਰੀ ਅਮਰਜੀਤ ਸਿੰਘ ਸੋਹੀ, ਡਿਪਟੀ ਮਾਸ-ਮੀਡੀਆ ਅਫ਼ਸਰ, ਪਟਿਆਲਾ ਹਾਜ਼ਰ ਸਨ।

लुधियाना/पटियाला,शनिवार ,5 सितंबर 2015 दैनिक जागरण

# 'नेत्रदान के लिए जागृति समय की जरूरत'



मोदी कॉलेज में आयोजित कार्यक्रम में संबोधित करते सिविल सर्जन डॉ. राजीव भल्ला।

**जागरण संवाददाता, पटियाला :** हमारे देश में मौजूदा समय में 35 लाख लोग नेत्रहीन है। यानी विश्व के कुल नेत्रहीनों का पांचवां हिस्सा हमारे देश से संबंधित है। हमारे देश में जागृति की कमी के चलते साल भर में केवल 35 हजार लोग ही नेत्रदान करते हैं। किसी इंसान की मौत के छह घंटे के भीतर नेत्रदान किया जा सकता है। यह विचार सिविल सर्जन डॉ. अशोक भल्ला ने मुलतानी मल मोदी कॉलेज में नेत्रदान जागृति अभियान के तहत आयोजित समागम के दौरान प्रकट किए। डॉ. भल्ला ने कहा कि जिंदा रहते हमें रक्तदान और मरने के बाद नेत्रदान कर लोगों को नया जीवन देने के लिए तत्पर रहना चाहिए। मरने के बाद रिश्तेदार यदि 1919 पर डॉक्टरों को सूचित कर दें, तो माहिर नेत्र को हासिल कर सकते हैं। कॉलेज प्रिंसिपल डॉ. खुशविंदर कुमार ने कहा कि वह जब लुधियाना रहते थे तो उन्होंने डीएमसी में नेत्रदान का फार्म जमा करवाया था। मेरी सभी से अपील है कि इस अभियान को सफल बनाएं। सहायक सिविल सर्जन डॉ. हरीश मल्होत्रा ने अभियान को सफल बनाने में आगे आने की अपील की। डॉ. मनप्रीत वालिया ने आंखों की संभाल के बारे जानकारी प्रदान की। इस मौके पर हरदीप रंधावा, जिला मास मीडिया अफसर कृष्ण कुमार, अमरजीत सिंह सोही ने भी अपने विचार प्रकट किए। मंच का संचालन एनएसएस प्रोग्राम अफसर डॉ. राजीव शर्मा ने किया। प्रो. हरमोहन शर्मा ने मेहमानों का आभार जताया।

भास्कर

# सेमिनार में नेत्रदान के लिए प्रेरित किया

**पटियाला।** मुलतानी मल मोदी कॉलेज में नेत्रदान पंद्रवाड़ा मुहिम के तहत जागरुकता सेमिनार लगाया और स्टूडेंट्स को नेत्रदान के लिए प्रेरित किया। सिविल सर्जन डॉ. राजीव भल्ला ने प्रोग्राम में शिरकत की। प्रिंसिपल डॉ. खुशविंदर कुमार ने मेहमानों का स्वागत किया। डॉ. हरीश मल्होत्रा, डॉ. मनप्रीत वालिया, कृष्ण कुमार, अमरजीत सिंह सोही मौजूद रहे।

अमर उजाला

जालंधर | शनिवार | 5 सितंबर 2015

एक और अध्याय लिखा जाएगा। यह पंजाब, हरियाणा, हिमाचल प्रदेश,

## मेडिकल कॉलेजों की खामियों से अवगत करवाया

**फरीदकोट (ब्यूरो)।** बाबा फरीद मेडिकल यूनिवर्सिटी ने राज्य के मेडिकल और डेंटल कालेजों में दाखिले की प्रक्रिया शुरू करने से पहले इन तमाम कॉलेजों की खामियों के संदर्भ में स्टूडेंट्स को जानकारी देने के लिए नोटिस जारी किया है। शुक्रवार को बाबा फरीद यूनिवर्सिटी की तरफ से जारी सूचना में न सिर्फ मेडिकल और डेंटल कॉलेजों में एमबीबीएस व बीडीएस की सीटों की जानकारी दी गई बल्कि हर कॉलेज में स्टाफ व संसाधनों से अवगत करवाया गया है। अमृतसर और पटियाला के सरकारी मेडिकल कॉलेजों में एमबीबीएस की क्रमवार 150 व 200 सीटें हैं जबकि दोनों ही कॉलेज में स्टाफ की कमी है। पटियाला में इस बार ही सीटों की संख्या 200 हुई है। बढ़ी हुई सीटों को लेकर एमसीआई की जांच होना बाकी है। जालंधर के पंजाब

दैनिक सवेरा टाइम्स | जालंधर, शनिवार, 5 सितंबर 2015

# विद्यार्थियों को आंखें दान करने के बारे किया जागृत

पटियाला, 4 सितंबर (बलविन्द्र): मुल्तानी मल मोदी कालेज में जिला सेहत विभाग पटियाला के सहयोग से नेत्रदान मुहिम अधीन विद्यार्थियों को आंखें दान करने के बारे जागृत करने के लिए एक विशेष सैमीनार आयोजित किया गया। सैमीनार का उद्घाटन करते सिविल सर्जन, पटियाला, डा. राजीव भल्ला ने कहा कि एक बार जीवन में रक्तदान करना और मरने के उपरांत नेत्रदान करना मानवीय भलाई का सबसे उत्तम कार्य है।



मुख्य मेहमान का स्वागत करते हुए।

उन्होंने बताया कि इंसान की मौत के बाद ही 6 घंटों के अंदर 1919 नंबर पर फोन करके डाक्टरों को सूचित कर देना चाहिए। कालेज के प्रिंसीपल डा. खुशविन्दर कुमार ने मेहमानों का स्वागत करते विद्यार्थियों से अपील की कि आंखों की दृष्टि के बिना व्यक्तियों के दर्द और मुश्किल को महसूस करके, उनकी जिंदगी में रोशनी की किरण बनने का यत्न करना और मौत के बाद अपनी आंखें दान करने का प्रण करना चाहिए। सैमीनार दौरान मंच की कार्यवाही कालेज के एन.एस.एस. प्रोग्राम अफसर डा. राजीव शर्मा ने चलाई और धन्यवाद के शब्द प्रो. हरमोहन शर्मा ने कहे।

# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਜਾਗਰੂਕਤਾ ਸੈਮੀਨਾਰ ਆਯੋਜਿਤ




ਡਾ. ਰਾਜੀਵ ਭੱਲਾ ਨੂੰ ਸਨਮਾਨਿਤ ਕਰਦੇ ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ। (ਸੁਖਵਿੰਦਰ)

ਪਟਿਆਲਾ, 8 ਸਤੰਬਰ (ਜੋਸਨ)- ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਜ਼ਿਲਾ ਸਿਹਤ ਵਿਭਾਗ ਪਟਿਆਲਾ ਦੇ ਸਹਿਯੋਗ ਨਾਲ 'ਨੇਤਰਦਾਨ ਪੰਦਰਵਾੜਾ ਮੁਹਿੰਮ' ਅਧੀਨ ਵਿਦਿਆਰਥੀਆਂ ਨੂੰ ਅੱਖਾਂ ਦਾਨ ਕਰਨ ਬਾਰੇ ਜਾਗਰੂਕ ਕਰਨ ਲਈ ਇਕ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ। ਸੈਮੀਨਾਰ ਦਾ ਉਦਘਾਟਨ ਕਰਦਿਆਂ ਸਿਵਲ ਸਰਜਨ ਪਟਿਆਲਾ ਡਾ. ਰਾਜੀਵ ਭੱਲਾ ਨੇ ਕਿਹਾ ਕਿ ਜਿਊਂਦੇ-ਜੀਅ ਖੂਨਦਾਨ ਕਰਨਾ ਤੇ ਮਰਨ ਉਪਰੰਤ ਅੱਖਾਂ ਦਾਨ ਕਰਨਾ ਮਨੁੱਖੀ ਭਲਾਈ ਦਾ ਸਭ ਤੋਂ ਉੱਤਮ ਕਾਰਜ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿਚ ਲੱਗਭਗ 35 ਲੱਖ ਨੇਤਰਹੀਣ ਵਿਅਕਤੀ ਹਨ, ਜੋ ਕਿ ਦੁਨੀਆ ਦੇ ਕੁਲ ਨੇਤਰਹੀਣਾਂ ਦਾ ਪੰਜਵਾਂ ਹਿੱਸਾ ਬਣਦੇ ਹਨ ਤੇ ਦੇਸ਼ 'ਚ ਇਕ ਸਾਲ ਦੌਰਾਨ ਸਿਰਫ਼ 35 ਹਜ਼ਾਰ ਵਿਅਕਤੀ ਹੀ ਨੇਤਰਦਾਨ ਕਰਨ ਲਈ ਤਿਆਰ ਹੁੰਦੇ ਹਨ। ਅਜਿਹੀ ਸਥਿਤੀ ਦਾ ਟਾਕਰਾ ਕਰਨ ਲਈ ਵੱਡੀ ਗਿਣਤੀ ਵਿਚ ਲੋਕਾਂ ਨੂੰ ਨੇਤਰਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਕਾਲਜ ਦੇ ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਉਹ ਨੇਤਰਹੀਣ ਵਿਅਕਤੀਆਂ ਦੇ ਦਰਦ ਤੇ ਮੁਸ਼ਕਿਲਾਂ ਨੂੰ ਮਹਿਸੂਸ ਕਰਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਰੌਸ਼ਨੀ ਦੀ ਕਿਰਨ ਬਣਨ ਦਾ ਯਤਨ ਕਰਨ ਤੇ ਮੌਤ ਤੋਂ ਬਾਅਦ ਆਪਣੀਆਂ ਅੱਖਾਂ ਦਾਨ ਕਰਨ ਦਾ ਪ੍ਰਣ ਕਰਨ। ਇਸ ਮੌਕੇ ਡਾ. ਹਰੀਸ਼ ਮਲਹੋਤਰਾ ਸਹਾਇਕ ਸਿਵਲ ਸਰਜਨ ਪਟਿਆਲਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਘਰਾਂ ਵਿਚ ਅਤੇ ਆਂਢ-ਗੁਆਂਢ 'ਚ ਨੇਤਰਦਾਨ ਬਾਰੇ ਪ੍ਰਚਲਿਤ ਲੋਕਾਂ ਵਿਚਲੇ ਭਰਮ-ਭੁਲੇਖੇ ਦੂਰ ਕਰਕੇ ਉਨ੍ਹਾਂ ਨੂੰ ਨੇਤਰਦਾਨ ਵਰਗੇ ਪਵਿੱਤਰ ਕਾਰਜ ਲਈ ਪ੍ਰੇਰਿਤ ਕਰਨ।

htpatiala

## Seminar on eye donation held at MM Modi College

PATIALA: A seminar to spread awareness about eye donation under the National Programme for Control of Blindness was organised at MM Modi College in association with the district health department here. District civil surgeon Dr Rajeev Bhalla inaugurated the seminar. He said the 30th National Fortnight on Eye Donation is being celebrated in the country from August 25 to September 8. Bhalla said blood donation during one's life time and eye donation after death is the noblest contribution towards the welfare of humanity. He informed the audience that there are 35 lakh blind people in the country, and accounts for 20 percent of the population of the blind across the world. "Only 35,000 donors come forward to donate their eyes during the year which is inadequate as compared to the size of the problem and I appeal to the students to come forward and take a pledge to donate eyes," Dr Rajeev added. Principal Dr Khushvinder Kumar welcomed the guests and advised the students to make the society aware about eye donation and the national campaign.

DAILY POST > CHANDIGARH/NEW DELHI, SATURDAY 5 SEPTEMBER 2015

# Seminar on eye donation at Modi College

DP CORRESPONDENT
*Patiala*

A seminar to make the students aware about eye-donation, under the 'National Programme for Control of Blindness' was oragnised at M M Modi College in association with the Health Department (Civil Surgeon Office), Dr Rajeev Bhalla, Civil Surgeon, inaugurated the seminar.

He informed that 30th National Fortnight on Eye Donation is being celebrated in the country from August 25 to September 8. He said that blood donation during life time and eye-donation posthumously is the noblest contribution towards the welfare of humanity. He informed that there are 35 lakh blind people in our country which is about 20 percent of the world population of the blind. Only 35,000 donors come forward to donate their eyes during the year which is far low as compared to the size of the problem. He appealed to the students to come forward and take a pledge to donate eyes.

Dr Khushvinder Kumar, Principal of the college, welcomed the guests and the expert speakers. He made an emotional appeal to the students to feel the pain and difficulties of the people who have lost their eyesight. He asked the students to make the society aware about the eye donation campaign.



Dr Harish Malhotra, Asst. Civil Surgeon, also appealed to the students to spread awareness about the eye donation and work for the creation of a healthy society. Dr Manpreet Walia, an eye-specialist also motivated the young boys and girls for this noble cause.

Hardeep Randhawa in his address asked the students to take safety measures in protecting their eyes during the festival days.

# The College won Punjabi University Inter-college Road Cycling (M) Championship

दैनिक सवेरा टाइम्स

(Wednesday, 9 September 2015)

# मोदी कालेज ने जीती रोड साइक्लिंग चैंपियनशिप



विजेता खिलाड़ियों के साथ कालेज के प्रोफैसर।

पटियाला, 8 सितंबर (बलविन्द्र): मुल्तानी मल मोदी कालेज की रोड साइक्लिंग टीम (पुरुष) ने पंजाबी यूनिवर्सिटी अंतर-कालेज चैंपियनशिप जीती। चैंपियनशिप चंडीगढ़-बठिंडा बाइपास रोड, पटियाला में आयोजित की थी। टीम में मैंबर राजबीर सिंह, मोहित कुमार, सुखदीप सिंह, सुखबीर सिंह और गगनबीर सिंह शामिल थे। इस अवसर पर कालेज के प्रिंसीपल डा. खुशविन्द्र कुमार और कालेज स्पोर्ट्स कमेटी के चेयरमैन डा. गुरदीप सिंह संधू ने खिलाड़ियों की शानदार जीत पर उनको मुबारकबाद दी।

अमर उजाला

(Wednesday, 9 September 2015)



पटियाला के मोदी कॉलेज की साइकिलिंग चैंपियन टीम प्रिंसिपल डॉ. खुशविंदर कुमार के साथ। अमर उजाला

# मोदी कॉलेज ने जीती साइकिलिंग चैंपियनशिप

पटियाला। मुल्तानी मल मोदी कॉलेज की रोड साइकिलिंग टीम (पुरुष) ने इस साल की पंजाबी यूनिवर्सिटी इंटर कॉलेज चैंपियनशिप जीत ली है। यह चैंपियनशिप चंडीगढ़-बठिंडा बाईपास रोड पर आयोजित की गई थी। इस टीम में राजबीर सिंह, मोहित कुमार, सुखदीप सिंह, सुखबीर सिंह, गगनबीर सिंह बतौर सदस्य शामिल रहे। टीम मेंबर राजबीर सिंह एशियन चैंपियनशिप खेलने वाली भारतीय टीम के सदस्य भी रहे हैं।

**Charhdikala, Patiala (Wednesday, 9 September 2015)**

# ਮੋਦੀ ਕਾਲਜ ਨੇ ਪੰਜਾਬੀ ਯੂਨੀਵਰਸਿਟੀ ਅੰਤਰ-ਕਾਲਜ ਰੋਡ-ਸਾਈਕਲਿੰਗ ਚੈਂਪੀਅਨਸ਼ਿਪ ਜਿੱਤੀ



ਪਟਿਆਲਾ, 8 ਸਤੰਬਰ (ਗੁਰਮੁੱਖ ਰੁਪਾਣਾ) :ਮੁਲਤਾਨੀ ਮੱਲ ਮੋਦੀ ਕਾਲਜ ਦੀ ਰੋਡ-ਸਾਈਕਲਿੰਗ ਟੀਮ (ਪੁਰਸ਼) ਨੇ ਇਸ ਸਾਲ ਦੀ ਪੰਜਾਬੀ ਯੂਨੀਵਰਸਿਟੀ ਅੰਤਰ-ਕਾਲਜ ਚੈਂਪੀਅਨਸ਼ਿਪ ਜਿੱਤ ਲਈ ਹੈ। ਇਹ ਚੈਂਪੀਅਨਸ਼ਿਪ ਚੰਡੀਗੜ੍ਹ-ਬਠਿੰਡਾ ਬਾਈਪਾਸ ਰੋਡ, ਪਟਿਆਲਾ ਵਿਖੇ 5-6 ਸਤੰਬਰ, 2015 ਨੂੰ ਆਯੋਜਿਤ ਕੀਤੀ ਗਈ ਸੀ। ਇਸ ਟੀਮ ਵਿਚ ਮੈਂਬਰ ਰਾਜਬੀਰ ਸਿੰਘ, ਮੋਹਿਤ ਕੁਮਾਰ, ਸੁਖਦੀਪ ਸਿੰਘ, ਸੁਖਬੀਰ ਸਿੰਘ ਅਤੇ ਗਗਨਬੀਰ ਸਿੰਘ ਸ਼ਾਮਲ ਸਨ। ਇਥੇ ਇਹ ਵੀ ਵਿਸ਼ੇਸ਼ ਵਰਨਣਯੋਗ ਹੈ ਕਿ ਟੀਮ ਮੈਂਬਰ ਰਾਜਬੀਰ ਸਿੰਘ ਏਸ਼ੀਅਨ ਚੈਂਪੀਅਨਸ਼ਿਪ ਖੇਡਣ ਵਾਲੀ ਭਾਰਤੀ ਟੀਮ ਦਾ ਮੈਂਬਰ ਵੀ ਰਿਹਾ ਹੈ।

ਕਾਲਜ ਦੀ ਰੋਡ-ਸਾਈਕਲਿੰਗ ਟੀਮ (ਇਸਤਰੀਆਂ) ਵੀ ਪੰਜਾਬੀ ਯੂਨੀਵਰਸਿਟੀ ਅੰਤਰ-ਕਾਲਜ ਮੁਕਾਬਲੇ ਵਿਚ ਦੂਸਰੇ ਸਥਾਨ 'ਤੇ ਰਹੀ ਹੈ। ਇਸ ਟੀਮ ਵਿਚ ਪ੍ਰਿਅੰਕਾ ਰਾਣੀ, ਸਰਿਤਾ ਅਤੇ ਜਗਜੀਤ ਕੌਰ ਖਿਡਾਰਨਾਂ ਸ਼ਾਮਲ ਸਨ। ਜੇਤੂ ਟੀਮਾਂ ਦਾ ਕਾਲਜ ਪਹੁੰਚਣ 'ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਅਵਸਰ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਅਤੇ ਕਾਲਜ ਸਪੋਰਟਸ ਕਮੇਟੀ ਦੇ ਚੇਅਰਮੈਨ ਡਾ. ਗੁਰਦੀਪ ਸਿੰਘ ਸੰਧੂ ਨੇ ਖਿਡਾਰੀਆਂ ਦੀ ਸ਼ਾਨਦਾਰ ਜਿੱਤ 'ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਟੀਮ ਇੰਚਾਰਜ ਪ੍ਰੋ. ਨਿਸ਼ਾਨ ਸਿੰਘ ਤੇ ਪ੍ਰੋ. (ਮਿਸ) ਮਨਦੀਪ ਕੌਰ ਦੀ ਕਰੜੀ ਮਿਹਨਤ ਅਤੇ ਅਗਵਾਈ ਦੀ ਸ਼ਲਾਘਾ ਵੀ ਕੀਤੀ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਕਾਲਜ ਵੱਲੋਂ ਖਿਡਾਰੀਆਂ ਨੂੰ ਕੇਵਲ ਅਕਾਦਮਿਕ ਅਤੇ ਖੇਡ-ਖੇਤਰ ਵਿਚ ਯੋਗ ਅਗਵਾਈ ਅਤੇ ਮਦਦ ਹੀ ਨਹੀਂ ਕੀਤੀ ਜਾਂਦੀ, ਸਗੋਂ ਉਹਨਾਂ ਨੂੰ ਕਾਲਜ ਦੇ ਵਿਸ਼ੇਸ਼ ਸਮਾਗਮ ਵਿਚ ਪੁਰਸਕਾਰਾਂ ਨਾਲ ਵੀ ਸਨਮਾਨਿਤ ਕੀਤਾ ਜਾਵੇਗਾ।

ਸਪੋਕਸਮੈਨ

(Wednesday, 9 September 2015)

## ਮੋਦੀ ਕਾਲਜ ਨੇ ਪੰਜਾਬੀ ਯੂਨੀਵਰਸਟੀ ਅੰਤਰ-ਕਾਲਜ ਰੋਡ ਸਾਈਕਲਿੰਗ (ਪੁਰਸ਼) ਚੈਂਪੀਅਨਸ਼ਿਪ ਜਿੱਤੀ



ਪਟਿਆਲਾ, 8 ਸਤੰਬਰ (ਧਰਮਿੰਦਰ ਪਾਲ ਸਿੰਘ) : ਮੁਲਤਾਨੀ ਮੱਲ ਮੋਦੀ ਕਾਲਜ ਦੀ ਰੋਡ-ਸਾਈਕਲਿੰਗ ਟੀਮ (ਪੁਰਸ਼) ਨੇ ਇਸ ਸਾਲ ਦੀ ਪੰਜਾਬੀ ਯੂਨੀਵਰਸਿਟੀ ਅੰਤਰ-ਕਾਲਜ ਚੈਂਪੀਅਨਸ਼ਿਪ ਜਿੱਤ ਲਈ ਹੈ। ਇਹ ਚੈਂਪੀਅਨਸ਼ਿਪ ਇਥੇ ਚੰਡੀਗੜ੍ਹ-ਬਠਿੰਡਾ ਬਾਈਪਾਸ ਰੋਡ 'ਤੇ ਕਰਵਾਈ ਗਈ ਸੀ। ਇਸ ਟੀਮ ਵਿਚ ਮੈਂਬਰ ਰਾਜਬੀਰ ਸਿੰਘ, ਮੋਹਿਤ ਕੁਮਾਰ, ਸੁਖਦੀਪ ਸਿੰਘ, ਸੁਖਬੀਰ ਸਿੰਘ ਤੇ ਗਗਨਬੀਰ ਸਿੰਘ ਸ਼ਾਮਲ ਸਨ। ਰਾਜਬੀਰ ਸਿੰਘ ਏਸ਼ੀਅਨ ਚੈਂਵਪੀਅਨਸ਼ਿਪ ਖੇਡਣ ਵਾਲੀ ਭਾਰਤੀ ਟੀਮ ਦਾ ਮੈਂਬਰ ਵੀ ਰਿਹਾ ਹੈ। ਕਾਲਜ ਦੀ ਰੋਡ-ਸਾਇਕਲਿੰਗ ਟੀਮ (ਇਸਤਰੀਆਂ) ਵੀ ਪੰਜਾਬੀ ਯੂਨੀਵਰਸਿਟੀ ਅੰਤਰ-ਕਾਲਜ ਮੁਕਾਬਲੇ ਵਿਚ ਦੂਸਰੇ ਸਥਾਨ 'ਤੇ ਰਹੀ ਹੈ। ਇਸ ਟੀਮ ਵਿਚ ਪ੍ਰਿਅੰਕਾ ਰਾਣੀ, ਸਰਿਤਾ ਤੇ ਜਗਜੀਤ ਕੌਰ ਖਿਡਾਰਨਾਂ ਸ਼ਾਮਲ ਸਨ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਕਾਲਜ ਸਪੋਰਟਸ ਕਮੇਟੀ ਦੇ ਚੇਅਰਮੈਨ ਡਾ. ਗੁਰਦੀਪ ਸਿੰਘ ਸੰਧੂ ਨੇ ਖਿਡਾਰੀਆਂ ਦੀ ਸ਼ਾਨਦਾਰ ਜਿੱਤ 'ਤੇ ਮੁਬਾਰਕਬਾਦ ਦਿਤੀ। ਉਨ੍ਹਾਂ ਨੇ ਟੀਮ ਇੰਚਾਰਜ ਪ੍ਰੋ. ਨਿਸ਼ਾਨ ਸਿੰਘ ਤੇ ਪ੍ਰੋ. (ਮਿਸ) ਮਨਦੀਪ ਕੌਰ ਦੀ ਕਰੜੀ ਮਿਹਨਤ ਤੇ ਅਗਵਾਈ ਦੀ ਸ਼ਲਾਘਾ ਵੀ ਕੀਤੀ।

भास्कर

(Wednesday, 9 September 2015)



मुलतानी मल मोदी कॉलेज में रोडरसाइकिलिंग टीम का सम्मान करते स्टाफ सदस्य।

## मोदी कॉलेज ने अंतर कॉलेज रोडरसाइकिलिंग चैंपियनशिप जीती

जेएनएन, पटियाला : मुलतानी मल मोदी कॉलेज की रोडरसाइकलिंग टीम (पुरुष) ने इस वर्ष की पंजाबी विश्वविद्यालय अंतर कॉलेज चैंपियनशिप जीत ली है। चैंपियनशिप चंडीगढ़ बठिंडा बाईपास रोड पर आयोजित की गई थी। टीम में सदस्य राजबीर सिंह, मोहित कुमार, सुखदीप सिंह, सुखबीर सिंह और गगनबीर सिंह शामिल थे। विजेता टीमों का कॉलेज पहुंचने पर स्वागत किया गया। इस मौके पर कॉलेज प्रिंसिपल डॉ. खुशविंदर कुमार और कॉलेज स्टोर्ट्स कमेटी चेयरमैन डॉ. गुरदीप सिंह संधू ने खिलाड़ियों की शानदार जीत पर उन्हें मुबारकबाद दी।

ਪੰਜਾਬੀ ਜਾਗਰਣ

(Wednesday, 9 September 2015)

### ਟੀਮ ਦਾ ਕਾਲਜ ਪੁੱਜਣ 'ਤੇ ਗਰਮਜੋਸ਼ੀ ਨਾਲ ਕੀਤਾ ਸਵਾਗਤ

# ਮੋਦੀ ਕਾਲਜ ਨੇ ਜਿੱਤੀ ਰੋਡ ਸਾਈਕਲਿੰਗ ਚੈਂਪੀਅਨਸ਼ਿਪ

**ਕੀਤਾ ਕਬਜ਼ਾ**

- **ਜੇਤੂ ਟੀਮ ਮੈਂਬਰ ਰਾਜਬੀਰ ਸਿੰਘ ਏਸ਼ੀਅਨ ਚੈਂਪੀਅਨਸ਼ਿਪ ਖੇਡਣ ਵਾਲੀ ਭਾਰਤੀ ਟੀਮ ਦਾ ਵੀ ਰਹਿ ਚੁੱਕਾ ਹੈ ਮੈਂਬਰ**

**ਪੱਤਰ ਪ੍ਰੇਰਕ, ਪਟਿਆਲਾ :** ਮੁਲਤਾਨੀ ਮੱਲ ਮੋਦੀ ਕਾਲਜ ਦੀ ਰੋਡ-ਸਾਈਕਲਿੰਗ ਟੀਮ (ਪੁਰਸ਼) ਨੇ ਇਸ ਸਾਲ ਦੀ ਪੰਜਾਬੀ 'ਵਰਸਿਟੀ ਅੰਤਰ-ਕਾਲਜ ਚੈਂਪੀਅਨਸ਼ਿਪ ਜਿੱਤ ਲਈ ਹੈ। ਇਹ ਚੈਂਪੀਅਨਸ਼ਿਪ ਚੰਡੀਗੜ੍ਹ-ਬਠਿੰਡਾ ਬਾਈਪਾਸ ਰੋਡ ਪਟਿਆਲਾ 'ਚ 5-6 ਸਤੰਬਰ ਨੂੰ ਕੀਤੀ ਗਈ ਸੀ, ।ਇਸ ਟੀਮ 'ਚ ਮੈਂਬਰ ਰਾਜਬੀਰ ਸਿੰਘ, ਮੋਹਿਤ ਕੁਮਾਰ, ਸੁਖਦੀਪ ਸਿੰਘ, ਸੁਖਬੀਰ ਸਿੰਘ ਤੇ ਗਗਨਬੀਰ ਸਿੰਘ ਸ਼ਾਮਲ ਸਨ। ਵਰਨਣਯੋਗ ਹੈ ਕਿ ਟੀਮ ਮੈਂਬਰ ਰਾਜਬੀਰ ਸਿੰਘ ਏਸ਼ੀਅਨ ਚੈਂਪੀਅਨਸ਼ਿਪ ਖੇਡਣ ਵਾਲੀ ਭਾਰਤੀ ਟੀਮ ਦਾ ਮੈਂਬਰ ਵੀ ਰਿਹਾ ਹੈ।

ਕਾਲਜ ਦੀ ਰੋਡ-ਸਾਇਕਲਿੰਗ ਟੀਮ (ਇਸਤਰੀਆਂ) ਵੀ ਪੰਜਾਬੀ 'ਵਰਸਿਟੀ ਅੰਤਰ-ਕਾਲਜ ਮੁਕਾਬਲੇ ਵਿਚ ਦੂਸਰੇ ਸਥਾਨ ਤੇ ਰਹੀ ਹੈ। ਇਸ ਟੀਮ ਵਿਚ ਪ੍ਰਿਅੰਕਾ ਰਾਣੀ, ਸਰਿਤਾ ਤੇ ਜਗਜੀਤ ਕੌਰ ਖਿਡਾਰਨਾਂ ਸ਼ਾਮਲ ਸਨ। ਜੇਤੂ ਟੀਮਾਂ ਦਾ ਕਾਲਜ ਪਹੁੰਚਣ 'ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਕਾਲਜ ਸਪੋਰਟਸ ਕਮੇਟੀ ਦੇ ਚੇਅਰਮੈਨ ਡਾ. ਗੁਰਦੀਪ ਸਿੰਘ ਸੰਧੂ ਨੇ ਖਿਡਾਰੀਆਂ ਦੀ ਸ਼ਾਨਦਾਰ ਜਿੱਤ 'ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ।

ਉਨ੍ਹਾਂ ਟੀਮ ਇੰਚਾਰਜ ਪ੍ਰੋ. ਨਿਸ਼ਾਨ ਸਿੰਘ ਤੇ ਪ੍ਰੋ. (ਮਿਸ) ਮਨਦੀਪ ਕੌਰ ਦੀ ਕਰੜੀ ਮਿਹਨਤ ਤੇ ਅਗਵਾਈ ਦੀ ਸ਼ਲਾਘਾ ਵੀ ਕੀਤੀ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਕਾਲਜ ਵਲੋਂ ਖਿਡਾਰੀਆਂ ਨੂੰ ਕੇਵਲ ਅਕਾਦਮਿਕ ਅਤੇ ਖੇਡ-ਖੇਤਰ 'ਚ ਯੋਗ ਅਗਵਾਈ ਅਤੇ ਮਦਦ ਹੀ ਨਹੀਂ ਕੀਤੀ ਜਾਂਦੀ, ਸਗੋਂ ਉਨ੍ਹਾਂ ਨੂੰ ਕਾਲਜ ਦੇ ਵਿਸ਼ੇਸ਼ ਸਮਾਗਮ ਵਿਚ ਪੁਰਸਕਾਰਾਂ ਨਾਲ ਵੀ ਸਨਮਾਨਤ ਕੀਤਾ ਜਾਵੇਗਾ।



ਜੇਤੂ ਟੀਮ ਦੇ ਖਿਡਾਰੀ ਕਾਲਜ ਪ੍ਰਿੰਸੀਪਲ ਖੁਸ਼ਵਿੰਦਰ ਕੁਮਾਰ ਤੇ ਸਟਾਫ਼ ਨਾਲ। ਪੰਜਾਬੀ ਜਾਗਰਣ

# Sarbat Da Bhala Charitable Trust Presents Cheque for Scholarships

ਰੋਜ਼ਾਨਾ ਸਪੋਕਸਮੈਨ

ਬੁਧਵਾਰ, 16 ਸਤੰਬਰ, 2015

ਸੰਖੇਪ

## ਮੋਦੀ ਕਾਲਜ 'ਚ ਵਜ਼ੀਫ਼ੇ ਵੰਡੇ

ਪਟਿਆਲਾ, 15 ਸਤੰਬਰ (ਧਰਮਿੰਦਰ ਪਾਲ ਸਿੰਘ): ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਹੋਏ ਸਮਾਗਮ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸ਼ਟ ਦੇ ਮੈਨੇਜਿੰਗ ਟ੍ਰਸਟੀ ਡਾ. ਐਸ.ਪੀ.ਸਿੰਘ ਓਬਰਾਏ ਨੇ ਕਾਲਜ ਦੇ 38 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 3 ਲੱਖ 37 ਹਜ਼ਾਰ 425 ਰੁਪਏ ਦੀ ਰਕਮ ਦੇ ਵਜ਼ੀਫ਼ੇ ਦਿਤੇ। ਇਸ ਮੌਕੇ ਟ੍ਰਸਟ ਵਲੋਂ ਕਾਲਜ ਦੇ ਸੈਮੀਨਾਰ ਹਾਲ ਵਿਚ ਏਅਰ-ਕੰਡੀਸ਼ਨਰ ਲਗਵਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਟ੍ਰਸਟ ਦੇ ਨਿਰਦੇਸ਼ਕ (ਸਿੱਖਿਆ) ਮਦਨ ਲਾਲ ਹਸੀਜਾ, ਪ੍ਰੋਫੈਸਰ ਬਲਵੀਰ ਸਿੰਘ, ਸਕੱਤਰ ਗਗਨਦੀਪ ਸਿੰਘ ਅਹੂਜਾ, ਮੀਤ ਪ੍ਰਧਾਨ ਡਾ. ਗੁਰਪ੍ਰਤਾਪ ਸਿੰਘ ਆਦਿ ਮੌਜੂਦ ਸਨ।



ਜਲੰਧਰ 16 ਸਤੰਬਰ, 2015

www.punjabijagran.com

3

ਇਕ ਨਜ਼ਰ



ਕਾਲਜ ਪ੍ਰਿੰਸੀਪਲ ਖੁਸ਼ਵਿੰਦਰ ਕੁਮਾਰ ਨੂੰ ਚੈੱਕ ਦਿੰਦੇ ਹੋਏ ਐਸਪੀ ਸਿੰਘ ਓਬਰਾਏ। ਪੰਜਾਬੀ ਜਾਗਰਣ

## ਮੋਦੀ ਕਾਲਜ ਦੇ 38 ਵਿਦਿਆਰਥੀਆਂ ਨੂੰ ਦਿੱਤੀ ਵਿੱਤੀ ਸਹਾਇਤਾ

**ਪੱਤਰ ਪ੍ਰੇਰਕ, ਪਟਿਆਲਾ** : ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸਪੀ ਸਿੰਘ ਓਬਰਾਏ ਵਲੋਂ ਮੁਲਤਾਨੀ ਮੱਲ ਮੋਦੀ ਕਾਲਜ ਦੇ 38 ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਨੂੰ 3 ਲੱਖ 80 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਗਈ। ਇਸ ਸਬੰਧੀ ਕਾਲਜ 'ਚ ਕਰਵਾਏ ਸਮਾਰੋਹ ਦੌਰਾਨ ਡਾ. ਐਸਪੀ ਸਿੰਘ ਓਬਰਾਏ ਵਲੋਂ ਇਕ ਚੈੱਕ ਕਾਲਜ ਦੇ ਪ੍ਰਿੰਸੀਪਲ ਡਾ ਖੁਸ਼ਵਿੰਦਰ ਕੁਮਾਰ ਨੂੰ ਸੌਂਪਿਆ ਗਿਆ। ਇਸ ਮੌਕੇ ਡਾ. ਐਸਪੀ ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਉਨ੍ਹਾਂ ਲੋੜਵੰਦ ਵਿਦਿਆਰਥੀਆਂ ਦੀ ਮਦਦ ਕੀਤੀ ਜਾਂਦੀ ਹੈ, ਜਿਨ੍ਹਾਂ ਵੱਲੋਂ 80 ਫੀਸਦੀ ਤੋਂ ਵੱਧ ਨੰਬਰ ਲਏ ਗਏ ਹਨ ਤੇ ਉਹ ਆਰਥਿਕ ਪੱਖੋਂ ਤੰਗ ਹਨ। ਉਨ੍ਹਾਂ ਦੱਸਿਆ ਕਿ ਸਰਬੱਤ ਦਾ ਭੱਲਾ ਚੈਰੀਟੇਬਲ ਟਰੱਸਟ ਵੱਲੋਂ ਹੁਣ ਤਕ ਪੰਜਾਬ ਤੇ ਉਤਰੀ ਭਾਰਤ 'ਚ 1800 ਦੇ ਕਰੀਬ ਵਿਦਿਆਰਥੀਆਂ ਨੂੰ ਅਡਾਪਟ ਕਰਕੇ ਫੀਸਾਂ ਦੇ ਚੁੱਕੇ ਹਨ। ਇਸ ਮੌਕੇ ਟਰੱਸਟ ਦੀ ਪੰਜਾਬ ਇਕਾਈ ਦੇ ਸਕੱਤਰ ਗਗਨਦੀਪ ਸਿੰਘ ਆਹੂਜਾ, ਡਾਇਰੈਕਟਰ ਐਜੂਕੇਸ਼ਨ ਡਾ. ਮਦਨ ਲਾਲ ਹਸੀਜਾ, ਪ੍ਰਭਲੀਨ ਸਿੰਘ, ਪ੍ਰੋ. ਹਰਚਰਨ ਸਿੰਘ, ਗੁਰਪ੍ਰਤਾਪ ਸਿੰਘ, ਹਰਵਿੰਦਰ ਸਿੰਘ ਕੁੱਕੂ ਮੌਜੂਦ ਸਨ।

ਪੰਜਾਬੀ ਟ੍ਰਿਬਿਊਨ, ਬੁੱਧਵਾਰ, 16 ਸਤੰਬਰ 2015

# ਟਰੱਸਟ ਵੱਲੋਂ ਲੋੜਵੰਦ ਵਿਦਿਆਰਥੀਆਂ ਦੀ ਵਿੱਤੀ ਮਦਦ

- ਕਾਲਜ ਦੇ ਸੌ ਵਿਦਿਆਰਥੀਆਂ ਨੂੰ ਅਪਣਾਇਆ

ਨਿੱਜੀ ਪੱਤਰ ਪ੍ਰੇਰਕ

ਪਟਿਆਲਾ, 15 ਸਤੰਬਰ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸਪੀ ਸਿੰਘ ਓਬਰਾਏ ਵੱਲੋਂ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ 38 ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਨੂੰ 3 ਲੱਖ 80 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਗਈ। ਇਸ ਸਬੰਧੀ ਕਾਲਜ 'ਚ ਹੋਏ ਇੱਕ ਸਮਾਰੋਹ ਦੌਰਾਨ ਡਾ. ਐਸਪੀ ਸਿੰਘ ਓਬਰਾਏ ਵੱਲੋਂ ਇੱਕ ਚੈੱਕ ਕਾਲਜ ਦੇ ਪ੍ਰਿੰਸੀਪਲ ਡਾ ਖ਼ੁਸ਼ਵਿੰਦਰ ਕੁਮਾਰ ਨੂੰ ਸੌਂਪਿਆ। ਦੱਸਣਯੋਗ ਹੈ ਕਿ ਟਰੱਸਟ ਨੇ ਇਸ ਕਾਲਜ ਦੇ ਸੌ ਵਿਦਿਆਰਥੀਆਂ ਨੂੰ ਵਿੱਤੀ ਮੱਦਦ ਦੇਣ ਵਜੋਂ ਅਪਣਾਇਆ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹੁਣ ਤਕ ਪੰਜਾਬ ਤੇ ਉੱਤਰੀ ਭਾਰਤ ਵਿੱਚ 1800 ਦੇ ਕਰੀਬ ਵਿਦਿਆਰਥੀਆਂ ਨੂੰ ਅਪਣਾਇਆ ਗਿਆ ਹੈ। ਡਾ. ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਉਨ੍ਹਾਂ ਲੋੜਵੰਦ ਵਿਦਿਆਰਥੀਆਂ ਦੀ ਮਦਦ ਕੀਤੀ ਜਾਂਦੀ ਹੈ ਜਿਨ੍ਹਾਂ ਨੇ 80 ਫੀਸਦੀ ਤੋਂ ਵੱਧ ਨੰਬਰ ਲਏ ਹਨ, ਆਰਥਿਕ ਪੱਖੋਂ ਤੰਗ ਹਨ ਅਤੇ ਫੀਸ ਭਰਣੋਂ ਅਸਮਰਥ ਹਨ। ਉਨ੍ਹਾਂ ਕਿਹਾ ਉਨ੍ਹਾਂ ਲੜਕੀਆਂ ਦੀ ਮਦਦ ਕਰਨੀ ਜ਼ਰੂਰੀ ਹੈ ਜੋ ਕਿ ਅੰਕ ਤਾਂ ਵੱਧ ਲੈਂਦੀਆਂ ਹਨ ਪਰ ਫੀਸ ਨਾ ਹੋਣ ਕਰਕੇ ਪੜ੍ਹਾਈ ਜਾਰੀ ਨਹੀਂ ਰੱਖ ਸਕਦੀਆਂ। ਇਸ ਮੌਕੇ ਪ੍ਰਿੰਸੀਪਲ ਡਾ. ਖ਼ੁਸ਼ਵਿੰਦਰ ਕੁਮਾਰ, ਟਰੱਸਟ ਦੀ ਪੰਜਾਬ ਇਕਾਈ ਦੇ ਸਕੱਤਰ ਗਗਨਦੀਪ ਸਿੰਘ ਆਹੂਜਾ, ਡਾਇਰੈਕਟਰ ਐਜੂਕੇਸ਼ਨ ਡਾ ਮਦਨ ਲਾਲ ਹਸੀਜਾ ਮੌਜੂਦ ਸਨ।



ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਐਮਡੀ ਡਾ. ਐਸਪੀ ਓਬਰਾਏ ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਵਜੋਂ ਚੈਕ ਪ੍ਰਿੰਸੀਪਲ ਖੁਸਵਿੰਦਰ ਕੁਮਾਰ ਨੂੰ ਸੌਂਪਦੇ ਹੋਏ।



ਸਚਕਾ, ਬੁੱਧਵਾਰ 16 ਸਤੰਬਰ 2015
ਕੱਲ੍ਹ, ਅੱਜ ਤੇ ਭਲਕ
ਸੱਚ ਕਹੂੰ

# ਕਾਲਜ ਨੇ ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫ਼ੇ ਵੰਡੇ

ਪਟਿਆਲਾ, 15 ਸਤੰਬਰ (ਪੱਤਰ ਪ੍ਰੇਰਕ)। ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਹੋਏ ਇੱਕ ਵਿਸ਼ੇਸ਼ ਸਮਾਗਮ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.) ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ.ਸਿੰਘ ਓਬਰਾਏ ਨੇ ਕਾਲਜ ਦੇ 38 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 3 ਲੱਖ 37 ਹਜ਼ਾਰ 425 ਰੁਪਏ ਦੀ ਰਕਮ ਦੇ ਵਜ਼ੀਫ਼ੇ ਦਿੱਤੇ। ਇਸ ਮੌਕੇ ਸਰਬਤ ਦਾ ਭਲਾ ਟਰੱਸਟ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਟਰੱਸਟ ਦੇ ਨਿਰਦੇਸ਼ਕ (ਸਿੱਖਿਆ) ਸ੍ਰੀ ਮਦਨ ਲਾਲ ਹਸੀਜਾ ਨੇ ਮੋਦੀ ਕਾਲਜ ਦੀਆਂ ਸਿੱਖਿਆ ਦੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਡਾ. ਐਸ.ਪੀ. ਸਿੰਘ ਓਬਰਾਏ ਨੇ ਆਪਣੇ ਜੀਵਨ ਦਾ ਇਹ ਮਿਸ਼ਨ ਬਣਾਇਆ ਹੋਇਆ ਹੈ ਕਿ ਕੋਈ ਵੀ ਹੋਣਹਾਰ ਵਿਦਿਆਰਥੀ ਆਰਥਿਕ ਤੰਗੀ ਕਰਕੇ ਪੜ੍ਹਾਈ ਤੋਂ ਵਾਂਝਾ ਨਾ ਰਹੇ।

ਉਨ੍ਹਾਂ ਨੇ ਪਿਛਲੇ ਸਾਲ ਕਾਲਜ ਦੇ 62 ਵਿਦਿਆਰਥੀਆਂ ਨੂੰ ਵਜ਼ੀਫ਼ੇ ਪ੍ਰਦਾਨ ਕੀਤੇ ਸਨ। ਇਸ ਸੈਸ਼ਨ ਤੋਂ ਟਰੱਸਟ ਵੱਲੋਂ ਇਹ ਸ਼ਰਤ ਲਾਈ ਗਈ ਹੈ ਕਿ ਅਗਲੇ ਵਰ੍ਹੇ ਵਜ਼ੀਫ਼ਾ ਪ੍ਰਾਪਤ ਕਰਨ ਲਈ ਪਿਛਲੀ ਜਮਾਤ ਚੋਂ 80 ਫੀਸਦੀ ਨੰਬਰ ਲਏ ਹੋਣ। ਇਸ ਮੌਕੇ ਟਰੱਸਟ ਵੱਲੋਂ ਕਾਲਜ ਦੇ ਸੈਮੀਨਾਰ ਹਾਲ ਵਿੱਚ ਏਅਰ-ਕੰਡੀਸ਼ਨਰ ਲਗਵਾਉਣ ਦਾ ਐਲਾਨ ਵੀ ਕੀਤਾ ਗਿਆ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਡਾ. ਐਸ.ਪੀ.ਸਿੰਘ ਓਬਰਾਏ ਅਤੇ ਦੂਜੇ ਮਹਿਮਾਨਾਂ ਦਾ ਸਵਾਗਤ ਕੀਤਾ। ਟ੍ਰਸਟ ਦੀ ਸਹਾਇਤਾ ਤੋਂ ਬਿਨਾਂ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਨਹੀਂ ਸੀ ਮਿਲਣਾ।

ਇਸ ਸਮਾਰੋਹ ਵਿੱਚ ਟਰੱਸਟ ਦੇ ਸਕੱਤਰ ਸ੍ਰੀ ਗਗਨਦੀਪ ਸਿੰਘ ਅਹੂਜਾ, ਮੀਤ ਪ੍ਰਧਾਨ ਡਾ. ਗੁਰਪ੍ਰਤਾਪ ਸਿੰਘ, ਸ੍ਰੀ ਪ੍ਰਭਲੀਨ ਸਿੰਘ ਅਤੇ ਟ੍ਰਸਟ ਦੇ ਮੀਡੀਆ ਸੈਂਟਰ ਇੰਚਾਰਜ ਸ੍ਰੀ ਹਰਵਿੰਦਰ ਸਿੰਘ ਕੁੱਕੂ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਕਾਲਜ ਦੇ ਪ੍ਰੋ. ਮਿਸਿਜ਼ ਪੂਨਮ ਮਲਹੋਤਰਾ, ਡਾ. ਹਰਚਰਨ ਸਿੰਘ, ਪ੍ਰੋ. ਵੇਦ ਪ੍ਰਕਾਸ਼ ਸ਼ਰਮਾ, ਪ੍ਰੋ. ਹਰਮੋਹਨ ਸ਼ਰਮਾ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਹਰਮਨ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਬੁੱਧਵਾਰ, 16 ਸਤੰਬਰ 2015)

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫ਼ੇ ਪ੍ਰਦਾਨ

ਪਟਿਆਲਾ, 15 ਸਤੰਬਰ (ਚ.ਨ.ਸ.): ਅੱਜ ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਹੋਏ ਇਕ ਵਿਸ਼ੇ ਸਮਾਗਮ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.) ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਨੇ ਕਾਲਜ ਦੇ 38 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 3 ਲੱਖ 37 ਹਜ਼ਾਰ 425 ਰੁਪਏ ਦੀ ਰਕਮ ਦੇ ਵਜ਼ੀਫ਼ੇ ਦਿੱਤੇ। ਇਸ ਅਵਸਰ ਤੇ ਸਰਬਤ ਦਾ ਭਲਾ ਟਰੱਸਟ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਟਰੱਸਟ ਦੇ ਨਿਰਦੇਸ਼ਕ (ਸਿੱਖਿਆ) ਸ੍ਰੀ ਮਦਨ ਲਾਲ ਹਸੀਜਾ ਨੇ ਮੋਦੀ ਕਾਲਜ ਦੀਆਂ ਸਿੱਖਿਆ ਦੇ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਡਾ. ਐਸ.ਪੀ. ਸਿੰਘ ਓਬਰਾਏ ਨੇ ਆਪਣੇ ਜੀਵਨ ਦਾ ਇਹ ਮਿਸ਼ਨ ਬਣਾਇਆ ਹੋਇਆ ਹੈ ਕਿ ਕੋਈ ਵੀ ਹੋਣਹਾਰ ਵਿਦਿਆਰਥੀ ਆਰਥਿਕ ਤੰਗੀ ਕਰਕੇ ਪੜ੍ਹਾਈ ਤੋਂ ਵਾਂਝਾ ਨਾ ਰਹੇ। ਉਨ੍ਹਾਂ ਨੇ ਪਿਛਲੇ ਸਾਲ ਕਾਲਜ ਦੇ 62 ਵਿਦਿਆਰਥੀਆਂ ਨੂੰ ਵਜ਼ੀਫ਼ੇ ਪ੍ਰਦਾਨ ਕੀਤੇ ਸਨ। ਇਸ ਸੈਸ਼ਨ ਤੋਂ ਟਰੱਸਟ ਵੱਲੋਂ ਇਹ ਸ਼ਰਤ ਲਾਈ ਗਈ ਹੈ ਕਿ ਅਗਲੇ ਵਰ੍ਹੇ ਵਜ਼ੀਫ਼ਾ ਪ੍ਰਾਪਤ ਕਰਨ ਲਈ ਪਿਛਲੀ ਜਮਾਤ 'ਚੋਂ 80 ਪ੍ਰਤੀਸ਼ਤ ਨੰਬਰ ਲਏ ਹੋਣ। ਸ੍ਰੀ ਹਸੀਜਾ ਨੇ ਆਪਣੇ ਭਾਸ਼ਣ ਵਿਚ ਇਹ ਵੀ ਕਿਹਾ ਕਿ ਸਮਾਜ ਵਿਚੋਂ ਗ਼ਰੀਬੀ, ਅੰਧ ਵਿਸ਼ਵਾਸ ਤੇ ਨਸ਼ਿਆਂ ਵਰਗੀਆਂ ਲਾਹਨਤਾਂ ਨੂੰ ਚੰਗੀ ਸਿੱਖਿਆ ਦੇ ਪਸਾਰ ਰਾਹੀਂ ਦੂਰ ਕੀਤਾ ਜਾ ਸਕਦਾ ਹੈ। ਸਿੱਖਿਆ ਰਾਹੀਂ ਹੀ ਲੜਕੀਆਂ ਨੂੰ ਸਵੈ-ਨਿਰਭਰ ਤੇ ਸਵੈ-ਵਿਸ਼ਵਾਸੀ ਬਣਾਇਆ ਜਾ ਸਕਦਾ ਹੈ। ਇਸੇ ਮਕਸਦ ਨੂੰ ਮੁੱਖ ਰੱਖ ਕੇ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਦੀ ਹਰ ਤਰ੍ਹਾਂ ਨਾਲ ਮਦਦ ਕਰਦਾ ਹੈ। ਉਨ੍ਹਾਂ ਨੇ ਇਸ ਟਰੱਸਟ ਵੱਲੋਂ ਸਮਾਜ ਦੇ ਹੋਰ ਖੇਤਰਾਂ ਵਿਚ ਪਾਏ ਯੋਗਦਾਨ ਦੀ ਵੀ ਚਰਚਾ ਕੀਤੀ। ਇਸ ਮੌਕੇ ਟਰੱਸਟ ਵੱਲੋਂ ਕਾਲਜ ਦੇ ਸੈਮੀਨਾਰ ਹਾਲ ਵਿਚ ਏਅਰ-ਕੰਡੀਸ਼ਨਰ ਲਗਵਾਉਣ ਦਾ ਐਲਾਨ ਵੀ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਡਾ. ਐਸ.ਪੀ. ਸਿੰਘ ਓਬਰਾਏ ਅਤੇ ਦੂਜੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਰਬਤ ਦਾ ਭਲਾ ਟਰੱਸਟ ਦੇ ਯੋਗਦਾਨ ਨਾਲ ਅਨੇਕਾਂ ਅਜਿਹੇ ਵਿਦਿਆਰਥੀ ਪੜ੍ਹਾਈ ਮੁਕੰਮਲ ਕਰ ਰਹੇ ਹਨ ਜੋ ਆਰਥਕ ਪੱਖੋਂ ਬਹੁਤ ਕਮਜ਼ੋਰ ਹਨ। ਟਰੱਸਟ ਦੀ ਸਹਾਇਤਾ ਤੋਂ ਬਿਨਾਂ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਨਹੀਂ ਸੀ ਮਿਲਣਾ। ਇਸ ਟਰੱਸਟ ਵੱਲੋਂ ਸਿੱਖਿਆ ਦੇ ਨਾਲ-ਨਾਲ ਹੋਰ ਖੇਤਰਾਂ ਵਿੱਚ ਵੀ ਲੋੜਵੰਦਾਂ, ਵਿਸ਼ੇਸ਼ ਕਰਕੇ ਵਿਧਵਾਵਾਂ ਅਤੇ ਬਜ਼ੁਰਗਾਂ, ਦੀ ਮਦਦ ਕੀਤੀ ਜਾ ਰਹੀ ਹੈ। ਕਾਲਜ ਪ੍ਰਿੰਸੀਪਲ ਨੇ ਸਰਬਤ ਦਾ ਭਲਾ ਟਰੱਸਟ ਦੀ ਇਸ ਬੇਮਿਸਾਲ ਦੇਣ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜੋਕੇ ਪਦਾਰਥਵਾਦੀ ਅਤੇ ਸਵਾਰਥੀ ਯੁੱਗ ਵਿਚ ਆਪਣੀ ਕਮਾਈ ਵਿਚੋਂ ਲੋਕ-ਭਲਾਈ ਦੇ ਕਾਰਜਾਂ ਲਈ ਏਡੀ ਵੱਡੀ ਰਕਮ ਖਰਚ ਕਰਨਾ ਸੱਚਮੁਚ ਮਹਾਨ ਕਾਰਜ ਹੈ ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਣਗੀਆਂ। ਇਸ ਮੌਕੇ ਸਰਬਤ ਦਾ ਭਲਾ ਟਰੱਸਟ ਵੱਲੋਂ ਕਾਲਜ ਦੇ ਵਿਦਿਆਰਥੀ ਇਸ਼ਨੂਰ ਘੁੰਮਣ, ਦੀਪ ਪ੍ਰੀਆ ਅਤੇ ਮਿਸ ਗਰਿਮਾ ਨੂੰ ਉਚੇਰੀ ਸਿੱਖਿਆ ਸਾਹ ਮਣੇ ਚੁਣੌਤੀਆਂ ਵਿਸ਼ੇ 'ਤੇ ਪੇਪਰ ਪ੍ਰਸਤੁਤ ਕਰਨ ਲਈ ਯਾਦ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਕਾਲਜ ਦੇ ਪ੍ਰੋਫੈਸਰ ਬਲਵੀਰ ਸਿੰਘ ਨੇ ਸਮਾਰੋਹ ਦਾ ਆਗਾਜ਼ ਕਰਦਿਆਂ ਦੇਸ਼ ਵਿੱਚ ਉਚੇਰੀ ਸਿੱਖਿਆ ਦੇ ਉਦੇਸ਼, ਇਸ ਦੇ ਇਤਿਹਾਸਕ ਵਿਕਾਸ ਅਤੇ ਅਜੋਕੇ ਸਮੇਂ ਵਿਚ ਉਚੇਰੀ ਸਿੱਖਿਆ ਦੇ ਸੰਕਟਾਂ ਵੱਲ ਹਾਜ਼ਰੀਨ ਦਾ ਧਿਆਨ ਦਵਾਇਆ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮਹਿੰਗੀ ਹੋ ਰਹੀ ਉਚੇਰੀ ਸਿੱਖਿਆ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਰਹੀ ਹੈ ਅਤੇ ਸਰਕਾਰਾਂ ਸਿੱਖਿਆ ਦੇ ਖੇਤਰ ਤੋਂਵ ਆਪਣੇ ਹੱਥ ਖਿੱਚ ਰਹੀਆਂ ਹਨ। ਅਜਿਹੀ ਨਾਜ਼ੁਕ ਸਥਿਤੀ ਵਿਚ ਗ਼ਰੀਬ, ਪਰ ਹੋਣਹਾਰ ਵਿਦਿਆਰਥੀਆਂ ਦੀ ਬਾਂਹ ਫੜ੍ਹਨ ਲਈ ਸਰਬਤ ਦਾ ਭਲਾ ਟ੍ਰਸਟ ਵਰਗੀ ਸਮਾਜ ਸੇਵੀ ਸੰਸਥਾ ਅੱਗੇ ਆ ਕੇ ਬਹੁਤ ਹੀ ਉਸਾਰੂ ਯੋਗਦਾਨ ਪਾ ਰਹੀ ਹੈ। ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਡਾ. ਜਬਰਜੰਗ ਸਿੰਘ ਦੀ ਅਗਵਾਈ ਵਿਚ ਸਰਸਵਤੀ ਵੰਦਨਾ ਅਤੇ ਸ਼ਬਦ ਗਾਇਨ ਪ੍ਰਸਤੁਤ ਕੀਤਾ ਗਿਆ। ਕਾਲਜ ਪ੍ਰਬੰਧਕਾਂ ਵੱਲੋਂ ਸਰਬਤ ਦਾ ਭਲਾ ਟ੍ਰਸਟ ਦੇ ਅਹੁਦੇਦਾਰਾਂ ਨੂੰ ਯਾਦ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਰੋਹ ਵਿਚ ਸਰਬਤ ਦਾ ਭਲਾ ਟਰੱਸਟ ਦੇ ਸਕੱਤਰ ਸ੍ਰੀ ਗਗਨਦੀਪ ਸਿੰਘ ਅਹੂਜਾ, ਮੀਤ ਪ੍ਰਧਾਨ ਡਾ. ਗੁਰਪ੍ਰਤਾਪ ਸਿੰਘ, ਸ੍ਰੀ ਪ੍ਰਭਲੀਨ ਸਿੰਘ ਅਤੇ ਟ੍ਰਸਟ ਦੇ ਮੀਡੀਆ ਸੈਂਟਰ ਇੰਚਾਰਜ ਸ੍ਰੀ ਹਰਵਿੰਦਰ ਸਿੰਘ ਕੁੱਕੂ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਅਵਸਰ ਤੇ ਕਾਲਜ ਦੇ ਪ੍ਰੋ. ਮਿਸਿਜ਼ ਪੂਨਮ ਮਲਹੋਤਰਾ, ਡਾ. ਹਰਚਰਨ ਸਿੰਘ, ਪ੍ਰੋ. ਵੇਦ ਪ੍ਰਕਾਸ਼ ਸ਼ਰਮਾ, ਪ੍ਰੋ. ਹਰਮੋਹਨ ਸ਼ਰਮਾ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਹਰਮਨ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੰਚ ਸੰਚਾਲਨ ਦਾ ਕਾਰਜ ਪ੍ਰੋ. ਬਲਵੀਰ ਸਿੰਘ ਨੇ ਬਾਖ਼ੂਬੀ ਨਿਭਾਇਆ ਅਤੇ ਧੰਨਵਾਦ ਦੇ ਸ਼ਬਦ ਡਾ. ਵਿਨੇ ਕੁਮਾਰ ਜੈਨ ਨੇ ਕਹੇ।

DAILY POST
₹2.50
CHANDIGARH
WEDNESDAY
16 SEPTEMBER 2015
VOLUME 5
ISSUE 58

# SDBT PRESENTS CHEQUE FOR SCHOLARSHIPS

DP CORREPSONDENT
*Patiala*

Sarbat Da Bhala Charitable Trust (SDBT) managing trustee SP Singh Oberoi handed over a cheque of Rs 3,37,425 to the needy and the meritorious students of MM Modi College here on Tuesday as their annual scholarships for the current year. Addressing the college students, on behalf of the trust, M L Hasija, Director (Education) of the trust, informed about the activities of the trust in the field of education and social welfare.

He said that the trust is helping the needy and meritorious students. He further said that no student should be deprived of the opportunity to be educated. He also expressed that the evils of poverty, superstitions and drug addiction can be eradicated by spreading quality education. Women empowerment can also be achieved through education. Dr S P Singh Oberoi promised to get the seminar hall of the college air-conditioned.

The college Principal Dr Khushvinder Kumar welcomed the Chief Guest Dr SP Singh Oberoi and other dignitaries. He lauded the great monetary contribution of the trust and expressed that their donations for a noble cause will certainly transform the lives of many young boys and girls who otherwise could not have continued their education.

Prof Balvir Singh expressed his views on the challenges to higher education especially the funding of higher education. He appreciated the contribution of Sarbat Da Bhala Trust in helping the poor students and other sections of the society. Ishnoor Ghuman, Deep Priya and Garima were felicitated by the trust as they presented papers on higher education and the role of philanthropist organisations.

CHANDIGARH Tribune
CHANDIGARH | WEDNESDAY | 16 SEPTEMBER 2015

# Cheques given to meritorious, needy students

TRIBUNE NEWS SERVICE

PATIALA, SEPTEMBER 15

Sarbat Da Bhala Charitable Trust Managing Trustee SP Singh Oberoi handed over cheque for Rs 3,37,425 to the needy and the meritorious students of MM Modi College here as their annual scholarships for the current year.

Addressing the college students, on behalf of the trust, ML Hasija, Director (Education) of the trust, informed about the activities of the trust in the field of education and social welfare.

He said the trust was helping the needy and meritorious students.

He said no student should be deprived of the opportunity to be educated. He said evils of poverty, superstitions and drug addiction could be eradicated by spreading quality education. Women empowerment could also be achieved through education.

SP Singh Oberoi promised to get the seminar hall of the college air-conditioned.

College Principal Khushvinder Kumar welcomed the chief guest, Dr SP Singh Oberoi, and other dignitaries. He lauded the monetary contribution of the trust and expressed that their donations for a noble cause would certainly transform the lives of many young boys and girls who otherwise could not have continued their education.

# The College won Punjabi University Inter-college Table Tennis (M) Championship

CHANDIGARH Tribune
CHANDIGARH | SUNDAY | 20 SEPTEMBER 2015

## Khalsa College win TT trophy

TRIBUNE NEWS SERVICE

CHANDIGARH, SEPTEMBER 19
Khalsa College, Patiala, and MM Modi College, Patiala, won the Inter-College Table Tennis Championship in women's and men's category, respectively. The tournament was held at Desh Bhagat University.

In the final match of the women's category, Khalsa College, Patiala, beat National College Physical Education, Chupki, by 3-1. In the men's category, MM Modi College, Patiala, defeated Government College, Ropar, with an identical score of 3-1.

Kumari Neha from Khalsa College and Abhimanyu from MM Modi College were declared the best players of the championship.

# Talent Hunt-2015

अमर उजाला

जालंधर | वीरवार | 24 सितंबर 2015

# नशे से दूर रहने को प्रेरित किया

अमर उजाला ब्यूरो

- मुल्तानी मल मोदी कालेज में प्रतिभा खोज मुकाबलों का आयोजन
- विजेताओं को स्मृति चिन्ह व सर्टिफिकेट देकर किया सम्मानित

**पटियाला।** एसपी (सिटी) दलजीत सिंह राणा ने कहा कि आज के नौजवान नशे का शिकार हो रहे हैं। 17 से 25 साल की उम्र जीवन में कुछ बनने की होती है। इसमें अगर नशे से बचते हुए अनुशासन में रहकर अच्छे अध्यापकों की देखरेख में शिक्षा हासिल की जाए, तो नौजवानों के साथ-साथ देश का भविष्य भी उज्ज्वल हो जाएगा। वह बुधवार को स्थानीय मुल्तानी मल मोदी कालेज में आयोजित प्रतिभा खोज मुकाबले-2015 के आयोजन मौके बोल रहे थे। उनके साथ प्रिंसिपल डा. खुशविंदर कुमार, पंजाबी यूनिवर्सिटी से डीन युवक भलाई डा. सतीश कुमार वर्मा भी मौजूद रहे। बाद में विभिन्न मुकाबलों में विजेता रहे स्टूडेंट्स को सम्मानित किया गया।

भाषणकला में इशनूर घुम्मन व जया कौशिक ने पहला, दीप प्रिया व मेंघाली गुप्ता ने दूसरा और युक्ति व सुखमीन कौर ने तीसरा, गीत व गजल में बावन प्रीत कौर ने पहला, जोबनजीत सिंह व गुरनदर सिंह ने दूसरा, कीरती वर्मा ने तीसरा, क्विज में गौरव सिंगला ने पहला, प्रिंस मेहता ने दूसरा, रीतिका ने तीसरा, कविता उच्चारण में आरजू ने पहला, मनदीप वालिया ने दूसरा, अनिशा ने तीसरा, लोक गीत मुकाबले में गौतम बग्गा ने पहला, कुलवंत सिंह ने दूसरा, शबनम शर्मा व अमृत कौर ने तीसरा, पश्चिम सोलो गायन में पलक जैन ने पहला, मनीश सिंह ने दूसरा, क्लासिकल डांस में गुरप्रीत कौर पहले, दीक्षा दूसरे, मेहंदी में कोमल कपूर व सोनू पहला स्थान हासिल किया।



पटियाला के मोदी कॉलेज में गिद्दा पेश करतीं मुटियारें। अमर उजाला

ਚੜ੍ਹਦੀ ਕਲਾ

(4) ਪਟਿਆਲਾ, ਸ਼ੁੱਕਰਵਾਰ, 25 ਸਤੰਬਰ , 2015


# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਪ੍ਰਤਿਭਾ ਖੋਜ ਮੁਕਾਬਲੇ




ਪਟਿਆਲਾ, 24 ਸਤੰਬਰ (ਚ.ਨ.ਸ.) : ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਹਰ ਸਾਲ ਦੀ ਤਰ੍ਹਾਂ 'ਪ੍ਰਤਿਭਾ ਖੋਜ ਮੁਕਾਬਲਾ-2015' ਕਰਵਾਇਆ ਗਿਆ। ਜਿਸ ਵਿਚ ਸ. ਦਲਜੀਤ ਸਿੰਘ ਰਾਣਾ ਐਸ.ਪੀ.(ਸਿਟੀ), ਪਟਿਆਲਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਸ. ਹਰਦੀਪ ਸਿੰਘ ਬਡੂੰਗਰ, ਟ੍ਰੈਫ਼ਿਕ ਇੰਚਾਰਜ, ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਮਹਿਮਾਨ ਸ੍ਰੀ ਦਲਜੀਤ ਸਿੰਘ ਰਾਣਾ ਨੇ ਵਿਦਿਆਰਥੀਆਂ ਦੀ ਭਾਸ਼ਣ ਕਲਾ ਵਿੱਚ ਉਤਮ ਪੇਸ਼ਕਾਰੀ ਦੀ ਪ੍ਰਸ਼ਸਾ ਕਰਦਿਆਂ ਕਿਹਾ ਕਿ ਜਿਥੇ ਭਾਸ਼ਣ ਕਲਾ ਲਈ ਚੁਣੇ ਗਏ ਵਿਸ਼ੇ ਬਹੁਤ ਹੀ ਪ੍ਰਾਸੰਗਿਕ ਤੇ ਸਮੇਂ ਦੀ ਲੋੜ ਅਨੁਸਾਰ ਸਨ ਉਥੇ ਬੁਲਾਰਿਆਂ ਅੰਦਰ ਬੁਲੰਦ ਹੌਸਲਾ ਤੇ ਆਤਮ ਵਿਸ਼ਵਾਸ ਨਜ਼ਰ ਆ ਰਿਹਾ ਹੈ। ਸ੍ਰੀ ਰਾਣਾ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਦੀ ਜਵਾਨੀ ਨਸ਼ਿਆਂ ਦਾ ਸ਼ਿਕਾਰ ਹੋ ਰਹੀ ਹੈ। 17 ਤੋਂ 25 ਸਾਲ ਦੀ ਉਮਰ ਜੀਵਨ ਵਿਚ ਕਝ ਬਣਨ ਦਾ ਸਮਾਂ ਹੁੰਦੀ ਹੈ। ਇਸ ਉਮਰ ਵਿਚ ਜੇ ਨਸ਼ਿਆਂ ਤੋਂ ਬਚ ਕੇ, ਅਨੁਸ਼ਾਸਨ ਵਿਚ ਰਹਿ ਕੇ ਤੇ ਚੰਗੇ ਅਧਿਆਪਕਾਂ ਦੀ ਰਹਿਨੁਮਾਈ ਵਿਚ ਸਿੱਖਿਆ ਪ੍ਰਾਪਤ ਕੀਤੀ ਜਾਵੇ ਤਾਂ ਜੋ ਨੌਜਵਾਨਾਂ ਦੇ ਨਾਲ-ਨਾਲ ਦੇਸ਼ ਦਾ ਭਵਿੱਖ ਵੀ ਉੱਜਵਲ ਹੋ ਜਾਵੇਗਾ। ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਸ. ਹਰਦੀਪ ਸਿੰਘ ਬਡੂੰਗਰ ਨੇ ਭਾਸ਼ਣ ਪ੍ਰਤੀਯੋਗਤਾ ਵਿਚ ਵਿਦਿਆਰਥੀਆਂ ਵੱਲੋਂ ਭਾਸ਼ਣ ਮੁਕਾਬਲੇ ਵਿੱਚ ਪੇਸ਼ ਕੀਤੇ ਵਿਚਾਰਾਂ ਦੀ ਭਰਪੂਰ ਪ੍ਰਸ਼ਸਾ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਕੋਹੜ, ਵਾਤਾਵਰਨ 'ਚ ਆ ਰਹੇ ਵਿਗਾੜ ਅਤੇ ਸੜਕ ਦੁਰਘਟਨਾਵਾਂ 'ਚ ਕੀਮਤੀ ਜ਼ਿੰਦਗੀਆਂ ਦੇ ਹੋ ਰਹੇ ਨੁਕਸਾਨ ਨੂੰ ਰੋਕਣ ਲਈ ਅਜਿਹੇ ਭਾਸ਼ਣ ਮੁਕਾਬਲੇ ਕਰਵਾਉਣੇ ਚਾਹੀਦੇ ਹਨ।

ਇਸ ਸਮਾਗਮ ਦੇ ਇਨਾਮ ਵੰਡ ਸੈਸ਼ਨ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ ਡਾ. ਸਤੀਸ਼ ਕੁਮਾਰ ਵਰਮਾ, ਡੀਨ, ਯੁਵਕ ਭਲਾਈ, ਪੰਜਾਬੀ ਯੂਨੀਵਰਸਿਟੀ ਨੇ ਕਿਹਾ ਕਿ ਪ੍ਰਤਿਭਾ ਜਮਾਂਦਰੂ ਨਹੀਂ ਹੁੰਦੀ, ਇਹ ਤਾਂ ਕਮਾਉਣੀ ਪੈਂਦੀ ਹੈ, ਇਸ ਦੇ ਬੀਜ ਜ਼ਰੂਰ ਜਮਾਂਦਰੂ ਹੁੰਦੇ ਹਨ। ਇਸ ਮੌਕੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਯੁਵਕ ਮੇਲਿਆਂ ਵਿਚ ਕਲਾਤਮਕ ਤੇ ਸਾਹਿਤਕ ਮੁਕਾਬਲਿਆਂ ਦੀ ਪਰੰਪਰਾ ਨੇ ਅਨੇਕਾਂ ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਵਿਦਿਆਰਥੀਆਂ ਵਲੋਂ ਗਰੁੱਪ ਸ਼ਬਦ, ਸਮੂਹ ਗਾਇਨ, ਸਕਿੱਟ, ਗਿੱਧਾ ਤੇ ਭੰਗੜੇ ਦੀਆਂ ਟੀਮ ਆਈਟਮਾਂ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕੀਤੀਆਂ ਗਈਆਂ।

ਇਸ ਪ੍ਰਤੀਯੋਗਤਾ ਵਿਚ 'ਭਾਰਤੀ ਸੰਸਦੀ ਪ੍ਰਣਾਲੀ ਵਿਚ ਆ ਰਿਹਾ ਨਿਘਾਰ' ਅਤੇ 'ਸ਼ਸ਼ਲ ਮੀਡੀਆ-ਸੰਭਾਨਾਵਾਂ ਤੇ ਚੁਣੌਤੀਆਂ' ਵਿਸ਼ਿਆਂ 'ਤੇ ਵਿਦਿਆਰਥੀਆਂ ਨੇ ਬਹੁਤ ਹੀ ਤਰਕ ਭਰਪੂਰ ਵਿਚਾਰ ਕਲਾਤਮਕ ਅੰਦਾਜ਼ ਵਿਚ ਪੇਸ਼ ਕੀਤੇ। ਸਮਾਗਮ ਦੇ ਅੰਤ ਵਿਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿਚ ਪ੍ਰੋ. ਨਿਰਮਲ ਸਿੰਘ, ਡਾ. ਹਰਚਰਨ ਸਿੰਘ ਤੇ ਮਿਸ ਪੂਨਮ ਧੀਮਾਨ ਨੇ ਭਾਸ਼ਣ ਕਲਾ ਲਈ, ਪ੍ਰੋ. ਵੇਦ ਪ੍ਰਕਾਸ਼ ਸ਼ਰਮਾ, ਡਾ. ਗੁਰਦੀਪ ਸਿੰਘ, ਡਾ. ਦਵਿਦਰ ਸਿੰਘ ਨੇ ਕਵਿਤਾ ਉਚਾਰਣ ਲਈ ਜੱਜਾਂ ਦੀ ਭੂਮਿਕਾ ਨਿਭਾਈ। ਸੰਗੀਤ ਦੀਆਂ ਆਇਟਮਾਂ ਲਈ ਡਾ. ਰਾਜੀਵ ਸ਼ਰਮਾ, ਡਾ. ਮਨਜੀਤ ਕੌਰ, ਪ੍ਰੋ. ਹਰਮੋਹਨ ਸ਼ਰਮਾ ਤੇ ਡਾ. ਪਵਨ ਕੁਮਾਰ ਜੱਜ ਰਹੇ। ਡਾ. ਵਿਨੇ ਜੈਨ ਨੇ ਧੰਨਵਾਦ ਦੇ ਸ਼ਬਦ ਕਹੇ।

लुधियाना/पटियाला,शुक्रवार ,25 सितंबर 2015 दैनिक जागरण

# कॉलेज में प्रतिभा खोज मुकाबले



पटियाला के मुलतानी मल मोदी कॉलेज में खोज प्रतिभा मुकाबले दौरान विजयी विद्यार्थियों को सम्मानित करते एसपी सिटी दलजीत सिंह राणा।

जेएनएन, पटियाला: मुलतानी मल मोदी कॉलेज में हर वर्ष की तरह इस वर्ष भी प्रतिभा खोज मुकाबला करवाया गया। जिसमें एसपी सिटी दलजीत सिंह राणा ने मुख्यातिथि के तौर पर शिरकत की। उन्होंने कहा कि जहां भाषण कला के लिए चुने गए विषय बहुत ही अच्छे व समय की वाले थे। कॉलेज प्रिंसिपल डॉ. खुशविंदर कुमार ने कहा कि युवक मेले में कलात्मक और साहित्यिक मुकाबले की परंपरा ने अनेकों नौजवानों की शख्सियत निखारने में अहम योगदान डाला है। विद्यार्थियों द्वारा ग्रुप शब्द, समूह गायन, स्किट, गिद्धा और भंगड़ा आदि टीम आइटम ने बहुत ही प्रभावशाली पेशकारी दी। प्रतियोगिता दौरान भाषण कला में घुम्मन और जया कौशिक ने पहला, दीप प्रिया और मेघाली गुप्ता ने दूसरा और युक्ति कौर ने तीसरा स्थान हासिल किया। गीत और गजन में- बवन प्रीत कौर ने पहला, जोबनजीत सिंह और गुरनदर सिंह ने दूसरा और कीर्ति वर्मा ने तीसरा स्थान हासिल किया।

भास्कर

पटियाला, वीरवार 24 सितंबर, 2015

# मोदी कॉलेज में प्रतिभा खोज मुकाबले कराए

पटियाला। मुलतानी मल मोदी कॉलेज में प्रतिभा खोज मुकाबला 2015 करवाया गया। एसपी सिटी दलजीत सिंह राणा ने शिरकत की। ट्रैफिक इंचार्ज हरदीप सिंह बडूंगर प्रोग्राम में पहुंचे। प्रिंसिपल डॉ. खुशविंदर कुमार ने स्टूडेंट्स को नशा छोड़ने की बात की। भाषण में इशनूर घुम्मन-ज्या कौशिक ने पहला, दीप प्रिया-मेघाली गुप्ता ने दूसरा, युक्ति-सुखमीन कौर ने तीसरा स्थान प्राप्त किया। गीत-गजल में बावन प्रीत कौर ने पहला, जोबनजीत सिंह-गुरनदर सिंह दूसरे, कीरती वर्मा तीसरे स्थान पर रही। क्विज में गौरव सिंगला पहले, प्रिंस मेहता दूसरे, रितिका तीसरे स्थान पर रहीं। कविता उच्चारण में आरजू पहले, मनदीप वालिया दूसरे व अनिशा तीसरे स्थान पर रही। लोक गीत में गौतम बग्गा पहले, कुलवंत सिंह दूसरे व शबनम शर्मा और अमृत कौर तीसरे स्थान पर रही। पश्चिमी सोलो गायन में पलक जैन पहले व मनीश सिंह दूसरे स्थान पर रहे। मेहंदी में कोमल कपूर व सोनू पहले, अमित दूसरे और परनीत तीसरे स्थान पर रही। डीन डॉ. सतीश कुमार वर्मा ने इनाम बांटे।



ਪੰਜਾਬੀ ਜਾਗਰਣ

ਮੁਲਤਾਨੀ ਮੱਲ ਮੋਦੀ ਕਾਲਜ 'ਚ ਕਰਵਾਏ ਹੁਨਰ ਖੋਜ ਮੁਕਾਬਲੇ

»2



ਮੀਂਹ-ਹਨੇਰੀ ਨੇ ਖੇਤਾਂ 'ਚ ਵਿਛਾ'ਤਾ ਝੋਨਾ

»4

ਜਲੰਧਰ 24 ਸਤੰਬਰ, 2015
www.punjabijagran.com

## ਪ੍ਰਤਿਭਾ ਜੀਵਨ ਜਿਊਣ ਦਾ ਸਲੀਕਾ : ਡਾ. ਸਤੀਸ਼ ਕੁਮਾਰ ਵਰਮਾ

# ਮੁਲਤਾਨੀ ਮੱਲ ਮੋਦੀ ਕਾਲਜ 'ਚ ਕਰਵਾਏ ਹੁਨਰ ਖੋਜ ਮੁਕਾਬਲੇ

- **ਭੰਗੜੇ ਤੇ ਗਿੱਧੇ ਦੀਆਂ ਪੇਸ਼ਕਾਰੀਆਂ ਨੇ ਬੰਨ੍ਹਿਆ ਰੰਗ**
- **ਟ੍ਰੈਫਿਕ ਇੰਚਾਰਜ ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਕੀਤੀ ਸ਼ਿਰਕਤ**

**ਸਟਾਫ਼ ਰਿਪੋਰਟਰ, ਪਟਿਆਲਾ :** ਮੁਲਤਾਨੀ ਮੱਲ ਮੋਦੀ ਕਾਲਜ ਵਿਖੇ 'ਪ੍ਰਤਿਭਾ ਖੋਜ ਮੁਕਾਬਲਾ-2015' ਕਰਵਾਇਆ ਗਿਆ, ਜਿਸ ਵਿਚ ਦਲਜੀਤ ਸਿੰਘ ਰਾਣਾ ਐਸਪੀ (ਸਿਟੀ) ਪਟਿਆਲਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਹਰਦੀਪ ਸਿੰਘ ਬਡੂੰਗਰ ਟ੍ਰੈਫਿਕ ਇੰਚਾਰਜ ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਮਹਿਮਾਨ ਦਲਜੀਤ ਸਿੰਘ ਰਾਣਾ ਨੇ ਵਿਦਿਆਰਥੀਆਂ ਦੀ ਭਾਸ਼ਣ ਕਲਾ ਵਿਚ ਉਤਮ ਪੇਸ਼ਕਾਰੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਜਿਥੇ ਭਾਸ਼ਣ ਕਲਾ ਲਈ ਚੁਣੇ ਗਏ ਵਿਸ਼ੇ ਬਹੁਤ ਹੀ ਪ੍ਰਾਸੰਗਿਕ ਤੇ ਸਮੇਂ ਦੀ ਲੋੜ ਅਨੁਸਾਰ ਸਨ ਉਥੇ ਬੁਲਾਰਿਆਂ ਅੰਦਰ ਬੁਲੰਦ ਹੌਸਲਾ ਤੇ ਆਤਮ ਵਿਸ਼ਵਾਸ ਨਜ਼ਰ ਆ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨ ਦੀ ਅਪੀਲ ਕੀਤੀ।

ਸਮਾਗਮ ਦੇ ਇਨਾਮ ਵੰਡ ਸੈਸ਼ਨ ਵਿਚ ਮੁੱਖ ਮਹਿਮਾਨ ਵਜੋਂ ਪੰਹੁਚੇ ਡਾ. ਸਤੀਸ਼ ਕੁਮਾਰ ਵਰਮਾ ਡੀਨ ਯੁਵਕ ਭਲਾਈ ਪੰਜਾਬੀ ਯੂਨੀਵਰਸਿਟੀ ਨੇ ਕਿਹਾ ਕਿ ਪ੍ਰਤਿਭਾ ਜਮਾਂਦਰੂ ਨਹੀਂ ਹੁੰਦੀ, ਇਹ ਤਾਂ ਕਮਾਉਣੀ ਪੈਂਦੀ ਹੈ, ਇਸ ਦੇ ਬੀਜ ਜ਼ਰੂਰ ਜਮਾਂਦਰੂ ਹੁੰਦੇ ਹਨ। ਪ੍ਰਤਿਭਾ ਤਾਂ ਜੀਵਨ ਜੀਉਣ ਦਾ ਸਲੀਕਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਕਿਰਤ ਨੂੰ ਰੀਝ ਨਾਲ ਕਰੋਗੇ ਤਾਂ ਕਲਾ ਪੈਦਾ ਹੋਵੇਗੀ, ਖ਼ਲੀਲ ਜਿਬਰਾਨ ਦੇ ਹਵਾਲੇ ਨਾਲ ਉਨ੍ਹਾਂ ਨੇ ਨੌਜਵਾਨਾਂ ਅੰਦਰ ਉਚੇਰੇ ਮਾਨਵੀ ਗੁਣ ਵਿਕਸਤ ਕਰਨ ਨੂੰ ਸਮੇਂ ਦੀ ਲੋੜ ਦੱਸਿਆ। ਡਾ. ਵਰਮਾ ਨੇ ਕਿਹਾ ਕਿ ਪੰਜਾਬੀ ਸਭਿਆਚਾਰ ਵਿਚ ਧੀਆਂ ਦਾ ਉਚਾ ਸਥਾਨ ਹੈ ਤੇ ਇਸ ਨੂੰ ਬਣਾਈ ਰੱਖਣਾ ਸਮੁੱਚੇ ਸਮਾਜ ਦਾਂ ਫਰਜ਼ ਹੈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ।

ਵਿਦਿਆਰਥੀਆਂ ਵਲੋਂ ਗਰੁੱਪ ਸ਼ਬਦ, ਸਮੂਹ ਗਾਇਨ, ਸਕਿੱਟ, ਗਿੱਧਾ ਤੇ ਭੰਗੜੇ ਦੀਆਂ ਟੀਮ ਆਈਟਮਾਂ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕੀਤੀਆਂ ਗਈਆਂ। ਇਸ ਪ੍ਰਤੀਯੋਗਤਾ ਵਿਚ ਭਾਰਤੀ ਸੰਸਦੀ ਪ੍ਰਣਾਲੀ ਵਿਚ ਆ ਰਿਹਾ ਨਿਘਾਰ ਅਤੇ ਸੋਸ਼ਲ ਮੀਡੀਆ ਸੰਭਨਾਵਾਂ ਤੇ ਚੁਣੌਤੀਆਂ ਵਿਸ਼ਿਆਂ 'ਤੇ ਵਿਦਿਆਰਥੀਆਂ ਨੇ ਬਹੁਤ ਹੀ ਤਰਕ ਭਰਪੂਰ ਵਿਚਾਰ ਕਲਾਤਮਕ ਅੰਦਾਜ਼ ਵਿਚ ਪੇਸ਼ ਕੀਤੇ। ਸਮਾਗਮ ਦੇ ਅੰਤ ਵਿਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿਚ ਪ੍ਰੋ. ਨਿਰਮਲ ਸਿੰਘ, ਡਾ. ਹਰਚਰਨ ਸਿੰਘ ਤੇ ਮਿਸ ਪੂਨਮ ਧੀਮਾਨ ਨੇ ਭਾਸ਼ਣ ਕਲਾ ਲਈ, ਪ੍ਰੋ. ਵੇਦ ਪ੍ਰਕਾਸ਼ ਸ਼ਰਮਾ, ਡਾ. ਗੁਰਦੀਪ ਸਿੰਘ, ਡਾ. ਦਵਿੰਦਰ ਸਿੰਘ ਨੇ ਕਵਿਤਾ ਉਚਾਰਣ ਲਈ ਜੱਜਾਂ ਦੀ ਭੂਮਿਕਾ ਨਿਭਾਈ। ਸੰਗੀਤ ਦੀਆਂ ਆਇਟਮਾਂ ਲਈ ਡਾ. ਰਾਜੀਵ ਸ਼ਰਮਾ, ਡਾ. ਮਨਜੀਤ ਕੌਰ, ਪ੍ਰੋ. ਹਰਮੋਹਨ ਸ਼ਰਮਾ ਤੇ ਡਾ. ਪਵਨ ਕੁਮਾਰ ਜੱਜ ਰਹੇ। ਕਵਿੱਜ਼ ਲਈ ਪ੍ਰੋ. ਪੂਨਮ ਮਲਹੋਤਰਾ, ਪ੍ਰੋ. ਅਜੀਤ ਕੁਮਾਰ ਅਤੇ ਪ੍ਰੋ. ਗਣੇਸ਼ ਕੁਮਾਰ ਸੇਠੀ ਨੇ ਜੱਜਾਂ ਦੇ ਫ਼ਰਜ਼ ਨਿਭਾਏ। ਕੋਮਲ ਕਲਾਵਾਂ ਲਈ ਪ੍ਰੋ. ਨੀਨਾ ਸਰੀਨ, ਪ੍ਰੋ. ਜਸਵੀਰ ਕੌਰ, ਪ੍ਰੋ. ਰੋਹਿਤ ਸੱਚਦੇਵਾ ਤੇ ਮਿਸਿਜ਼ ਵੀਨੂ ਜੈਨ ਜੱਜ ਸਨ। ਡਾ. ਸਤੀਸ਼ ਕੁਮਾਰ ਵਰਮਾ ਡੀਨ ਯੁਵਕ ਭਲਾਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਜੇਤੂਆਂ ਨੂੰ ਇਨਾਮ ਤੇ ਸਰਟੀਫ਼ਿਕੇਟ ਦਿੱਤੇ। ਕਾਲਜ ਪ੍ਰਬੰਧਕਾਂ ਵਲੋਂ ਮਹਿਮਾਨਾਂ ਨੂੰ ਯਾਦ-ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।।ਪ੍ਰੋ. ਬਲਵੀਰ ਸਿੰਘ, ਡੀਨ ਸਭਿਆਚਾਰਕ ਸਰਗਮੀਆਂ ਨੇ ਮੰਚ ਸੰਚਾਲਨ ਨਿਭਾਇਆ।






ਸੱਭਿਆਚਰਕ ਗਿੱਧੇ ਦੀ ਪੇਸ਼ਕਾਰੀ ਕਰਦੀਆਂ ਹੋਈਆਂ ਕਾਲਜ ਵਿਦਿਆਰਥਣਾਂ। (ਸੱਜੇ) ਜੇਤੂ ਮੁਕਾਬਲੇਬਾਜ਼ਾਂ ਨੂੰ ਸਨਮਾਨਤ ਕਰਦੇ ਡਾ. ਸਤੀਸ਼ ਕੁਮਾਰ ਵਰਮਾ ਤੇ ਹੋਰ। ਪੰਜਾਬੀ ਜਾਗਰਣ

DAILY POST > CHANDIGARH/NEW DELHI, THURSDAY 24 SEPTEMBER 2015

# Students asked to focus on their defined goals to succeed in life



Girls performing gidha during a function at Multani Mal Modi College in Patiala on Wednesday. AJAY VERMA

DP CORRESPONDENT
Patiala

'Talent Hunt – 2015' competition was organised at the local M M Modi College. While inaugurating the function Daljit Singh Rana, Superintendent of Police (City), asked the young students in the age group of 17-25 years to focus on the defined objective under the guidance of their teachers and work with commitment and dedication in the academic environment which institutions like MM Modi College provides.

He was of the considered opinion that young boys and girls who are devoted to the learning will never fall victim to the social evils like drug addiction and dowry. Guest of Honour on this occasion the event Hardeep Singh Badungar, Traffic Incharge of Patiala, appreciated the views expressed by the students in the declamation contest where they talked about worsening performance of Parliament as well as the ill effects of excessive indulgence of young boys and girls with social media.

College Principal Dr Khushvinder Kumar welcomed the chief guest and other dignitaries. He stressed the need of balancing passion for academic and co-academic activities for the development of a balanced personality. He further said that no challenge is formidable for those who are groomed with such personality traits.

Dr Satish Kumar Verma, Dean, Youth Welfare, Punjabi University, presided over the valedictory session and gave away prizes to the winners. While recalling his old association with the college, through the library of the college, he stressed upon the need to develop close relationship with the books. He was deeply impressed with the performance of the participants. He further said that the seeds of the talent are embedded in us, but these seeds will flower only when hard work coupled with commitment is done.

The Talent Hunt started with the reciting of Saraswati Vandana and Shabad Gayan. Competitions in elocution, folk song, ghazal, poetry recitation, quiz, fine arts, photography were held. Very captivating skit, western solo song, Indian group song, gidha and bhangra were presented during the function. Ishnoor Ghuman and Jaya Kaushik bagged first position in Elocution, Bawanpreet was first in Light Vocal Music while Gaurav Singla in Quiz, Aarzoo in Poetry Recitation, Gautam Bagga in Folk Song, Palak Jain in Western Solo Song, Gurpreet Kaur in Classical Dance, Komal Kapoor in Mehndi, Simran Kalra in Collage Making, Manpreet Kaur in Embroidery, Vivek and Kirti Verma in Cartoon Making, Ankita Garg in On the Spot Painting, Harpreet Singh in Clay Modelling, Tulika and Manjinder Kaur in Poster Making, Kuldeep Singh in Photography and Simranjeet Kaur in Rangoli got the first positions. Prof Nirmal Singh, Dr Harcharan Singh and Poonam Dhiman were judges for Elocution. Prof Shailendra Sidhu, Dr Rajeev Sharma, Dr Manjit Kaur, Prof Harmohan Sharma and Dr Pawan Kumar were the judges for the music items.

hindustantimes
htpatiala punjab.ht
THURSDAY, SEPTEMBER 24, 2015 ■ 4 PAGES

## CAMPUSCONNECT

A round-up of all that's happening in colleges, universities and institutions across Patiala



■ Girls in jubilant mood during during the Talent Hunt at MM Modi College in Patiala on Wednesday. BHARAT BHUSHAN/HT

### MM MODI COLLEGE HOLDS TALENT HUNT

**PATIALA:** MM Modi College organised a talent hunt competition here on Wednesday with an aim of providing the students a platform to showcase their skills and talents. Through the course of the competition, the students took part in various events ranging from ghazal and poetry recitation to photography and dance performances. College principal, Khushvinder Kumar, stressed on the need of balancing academic and extra-curricular activities for all round development.

CHANDIGARH Tribune
CHANDIGARH | THURSDAY | 24 SEPTEMBER 2015

**Talent hunt**

**Patiala:** A 'Talent Hunt – 2015' competition was organised at the local MM Modi College. While inaugurating the function, Daljit Singh Rana, SP (Patiala City), asked the young students in the age group of 17-25 years to focus on the defined objective under the able guidance of their teachers and work with commitment and dedication in the academic environment. Hardeep Singh Badungar, Traffic in charge of Patiala, appreciated the views expressed by the students in the declamation contest. College principal Dr Khushvinder Kumar welcomed the chief guest and other dignitaries. — TNS

वीरवार, 24 सितम्बर 2015 | दैनिक सवेरा टाइम्स

पटियाला सवेरा टाइम्स
www.dainiksavera.com

## न्यूज गैलरी

# मुलतानी कब्जा कर मोदी कालेज में प्रतिभा खोज मुकाबले



विजेताओं को सम्मानित करते गणमान्य। (राहुल)

पटियाला (बलविन्द्र) : मुलतानी कब्जा कर मोदी कालेज में हर साल की तरह प्रतिभा खोज मुकाबले करवाए गए, जिसमें दलजीत सिंह राणा एस.पी. (सिटी) पटियाला मुख्य मेहमान के तौर पर शामिल हुए। ट्रैफिक इंचार्ज हरदीप सिंह बड़ूंगर ने विशेष मेहमान के तौर पर शिरकत की। मुख्य मेहमान दलजीत सिंह राणा ने कहा कि जहां भाषण कला के लिए चुने विषय बहुत ही प्रासंगिक और समय की जरूरत अनुसार थे। विशेष मेहमान हरदीप सिंह बड़ूंगर ने भाषण प्रतियोगिता में विद्यार्थियों द्वारा भाषण मुकाबले में पेश किए विचारों की प्रशंसा करते कहा कि नशों के कोहढ़ के वातावरण में आ रही गिरावट और सड़क दुर्घटना में कीमती जिन्दगियों के हो रहे नुक्सान को रोकने के लिए ऐसे भाषण मुकाबले बहुत ही रचनात्मिक भूमिका निभा सकते हैं। मुकाबलों में प्रो. निर्मल सिंह, डा. हरचरन सिंह और पूनम धीमान ने भाषण कला के लिए, प्रो. वेदा प्रकाश शर्मा, डा. गुरदीप सिंह, डा. दविन्दर सिंह ने कविता उच्चारण के लिए जजों की भूमिका निभाई संगीत की आइट्मों के लिए डा. राजीव शर्मा, डा. मनजीत कौर, प्रो. हरमोहन शर्मा और डा. पवन कुमार जज रहे कविता के लिए प्रो. पूनम मल्होत्रा, प्रो. अजीत कुमार और प्रो. गणेश कुमार सेठी ने जज की भूमिका निभाई।

ਚੰਡੀਗੜ੍ਹ, ਪੰਜਾਬੀ ਟ੍ਰਿਬਿਊਨ, ਵੀਰਵਾਰ, 24 ਸਤੰਬਰ 2015

# ਲੋਕ ਗੀਤਾਂ ਦੇ ਮੁਕਾਬਲੇ ਵਿੱਚ ਗੌਤਮ ਬੱਗਾ ਅੱਵਲ

## ਮੁਲਤਾਨੀ ਮੋਦੀ ਮੱਲ ਕਾਲਜ ਵਿੱਚ ਹੋਏ ਪ੍ਰਤਿਭਾ ਖੋਜ ਮੁਕਾਬਲੇ

ਨਿੱਜੀ ਪੱਤਰ ਪ੍ਰੇਰਕ

**ਪਟਿਆਲਾ, 23 ਸਤੰਬਰ**

ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਹਰ ਸਾਲ ਦੀ ਤਰ੍ਹਾਂ 'ਪ੍ਰਤਿਭਾ ਖੋਜ ਮੁਕਾਬਲਾ-2015' ਕਰਵਾਇਆ ਗਿਆ ਜਿਸ ਵਿੱਚ ਐਸ.ਪੀ. ਸਿਟੀ ਦਲਜੀਤ ਸਿੰਘ ਰਾਣਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਦੋਂਕਿ ਟਰੈਫਿਕ ਇੰਚਾਰਜ ਹਰਦੀਪ ਸਿੰਘ ਬਡੂੰਗਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਵਿਦਿਆਰਥੀਆਂ ਵੱਲੋਂ ਗਰੁੱਪ ਸ਼ਬਦ, ਸਮੂਹ ਗਾਇਨ, ਸਕਿੱਟ, ਗਿੱਧਾ ਤੇ ਭੰਗੜੇ ਦੀਆਂ ਟੀਮ ਆਈਟਮਾਂ ਵਿੱਚ ਕਾਫ਼ੀ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕੀਤੀਆਂ ਗਈਆਂ। ਇਸ ਦੌਰਾਨ ਹੋਏ ਭਾਸ਼ਣ ਕਲਾ ਮੁਕਾਬਲੇ ਵਿੱਚ ਇਸ਼ਨੂਰ ਘੁੰਮਣ ਤੇ ਜਯਾ ਕੌਸ਼ਿਕ ਨੇ ਪਹਿਲਾ, ਦੀਪ ਪ੍ਰਿਆ ਤੇ ਮੇਘਾਲੀ ਗੁਪਤਾ ਨੇ ਦੂਜਾ ਅਤੇ ਯੁਕਤੀ ਤੇ ਸੁਖਮੀਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਗੀਤ ਤੇ ਗ਼ਜ਼ਲ ਮੁਕਾਬਲੇ ਵਿੱਚ ਬਾਵਨ ਪ੍ਰੀਤ ਕੌਰ ਨੇ ਪਹਿਲਾ, ਜੋਬਨਜੀਤ ਸਿੰਘ ਤੇ ਗੁਰਨਦਰ ਸਿੰਘ ਨੇ ਦੂਜਾ ਅਤੇ ਕੀਰਤੀ ਵਰਮਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਕੁਇਜ਼ ਵਿੱਚ ਗੌਰਵ ਸਿੰਗਲਾ ਨੇ ਪਹਿਲਾ, ਪ੍ਰਿੰਸ ਮਹਿਤਾ ਨੇ ਦੂਜਾ ਤੇ ਰਿਤੀਕਾ ਨੇ ਤੀਜਾ ਸਥਾਨ ਹਾਸਲ ਕੀਤਾ। ਕਵਿਤਾ ਉਚਾਰਨ ਮੁਕਾਬਲੇ ਵਿੱਚ ਆਰਜ਼ੂ ਪਹਿਲੇ, ਮਨਦੀਪ ਵਾਲੀਆ ਦੂਜੇ ਤੇ ਅਨੀਸ਼ਾ ਤੀਜੇ ਸਥਾਨ 'ਤੇ ਰਹੀ। ਲੋਕ ਗੀਤਾਂ ਦੇ ਮੁਕਾਬਲੇ ਵਿੱਚ ਗੌਤਮ ਬੱਗਾ ਨੇ ਪਹਿਲਾ, ਕੁਲਵੰਤ ਸਿੰਘ ਨੇ ਦੂਜਾ ਅਤੇ ਸ਼ਬਨਮ ਸ਼ਰਮਾ ਤੇ ਅੰਮ੍ਰਿਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਪੱਛਮੀ ਸੋਲੋ ਗਾਇਨ ਵਿੱਚ ਪਲਕ ਜੈਨ ਪਹਿਲੇ ਤੇ ਮਨੀਸ਼ ਸਿੰਘ ਦੂਜੇ ਸਥਾਨ 'ਤੇ ਰਿਹਾ। ਕਲਾਸੀਕਲ ਡਾਂਸ ਵਿੱਚ ਗੁਰਪ੍ਰੀਤ ਕੌਰ ਪਹਿਲੇ ਤੇ ਦੀਕਸ਼ਾ ਦੂਜੇ ਸਥਾਨ 'ਤੇ ਰਹੀ। ਮਹਿੰਦੀ ਲਗਾਉਣ ਦੇ ਮੁਕਾਬਲੇ ਵਿੱਚ ਕੋਮਲ ਕਪੂਰ ਤੇ ਸੋਨੂੰ ਨੇ ਪਹਿਲਾ, ਅਮਿਤ ਨੇ ਦੂਜਾ ਤੇ ਪ੍ਰਨੀਤ ਨੇ ਤੀਜਾ ਸਥਾਨ ਹਾਸਲ ਕੀਤਾ।



ਮੋਦੀ ਕਾਲਜ ਦੀਆਂ ਵਿਦਿਆਰਥਣਾਂ ਇੱਕ ਆਈਟਮ ਪੇਸ਼ ਕਰਦੀਆਂ ਹੋਈਆਂ। ਫੋਟੋ: ਭਿੰਡਰ

ਕੋਲਾਜ ਮੇਕਿੰਗ ਵਿੱਚ ਸਿਮਰਨ ਕਾਲੜਾ ਨੇ ਪਹਿਲਾ ਤੇ ਰਿਤੀਕਾ ਨੇ ਦੂਜਾ ਸਥਾਨ ਹਾਸਲ ਕੀਤਾ। ਕਢਾਈ ਮੁਕਾਬਲੇ ਵਿੱਚ ਮਨਪ੍ਰੀਤ ਕੌਰ ਨੇ ਪਹਿਲਾ, ਰਿਤੂ ਬਾਲਾ ਨੇ ਦੂਜਾ ਤੇ ਰਾਜਦੀਪ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਕਾਰਟੂਨ ਬਣਾਉਣ ਵਿੱਚ ਵਿਵੇਕ ਤੇ ਕੀਰਤੀ ਵਰਮਾ ਪਹਿਲੇ, ਕਮਲਪ੍ਰੀਤ ਦੂਜੇ ਤੇ ਨੈਂਸੀ ਵਰਮਾ ਤੀਜੇ ਸਥਾਨ 'ਤੇ ਰਹੀ। ਮੌਕੇ 'ਤੇ ਚਿੱਤਰਕਾਰੀ ਮੁਕਾਬਲੇ ਵਿੱਚ ਅੰਕਿਤਾ ਗਰਗ ਪਹਿਲੇ ਤੇ ਜਾਮੀਆ ਜੈਨ ਦੂਜੇ ਸਥਾਨ 'ਤੇ ਰਹੀ। ਕਲੇਅ ਮਾਡਲਿੰਗ ਵਿੱਚ ਹਰਪ੍ਰੀਤ ਸਿੰਘ ਪਹਿਲੇ, ਕਰਨ ਗੁਰੂ ਦੂਜੇ ਤੇ ਸਿਮਰਨਜੀਤ ਕੌਰ ਤੀਜੇ ਸਥਾਨ 'ਤੇ ਰਹੀ। ਪੋਸਟਰ ਬਣਾਉਣ ਵਿੱਚ ਤੂਲੀਕਾ ਪਹਿਲੇ, ਮਨਜਿੰਦਰ ਕੌਰ ਤੇ ਅਮੀਸ਼ਾ ਵਰਮਾ ਦੂਜੇ ਅਤੇ ਹਰਸਿਮਰਤ ਕੌਰ ਤੀਜੇ ਸਥਾਨ 'ਤੇ ਰਹਹ। ਫੋਟੋਗ੍ਰਾਫ਼ੀ ਵਿੱਚ ਕੁਲਦੀਪ ਸਿੰਘ ਪਹਿਲੇ, ਮਨੀਸ਼ ਦੂਜੇ ਅਤੇ ਪ੍ਰੀਆ ਗਰਗ ਤੀਜੇ ਸਥਾਨ 'ਤੇ ਰਹੀ। ਰੰਗੋਲੀ ਵਿੱਚ ਸਿਮਰਨਜੀਤ ਕੌਰ ਪਹਿਲੇ, ਤਨੀਸ਼ਾ ਮਨਚੰਦਾ ਦੂਜੇ ਅਤੇ ਭੂਮਿਕਾ ਖੁਰਾਣਾ ਤੀਜੇ ਸਥਾਨ 'ਤੇ ਰਹੀ। ਸਮਾਗਮ ਦੇ ਅਖ਼ੀਰ ਵਿੱਚ ਗਿੱਧੇ ਦੀ ਪੇਸ਼ਕਾਰੀ ਲਾਜਵਾਬ ਰਹੀ।

ਸਮਾਗਮ ਦੇ ਇਨਾਮ ਵੰਡ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ(ਯੁਵਕ ਭਲਾਈ) ਡਾ. ਸਤੀਸ਼ ਕੁਮਾਰ ਵਰਮਾ ਨੇ ਕਿਹਾ ਕਿ ਪੰਜਾਬੀ ਸੱਭਿਆਚਾਰ ਵਿੱਚ ਧੀਆਂ ਦਾ ਉੱਚਾ ਸਥਾਨ ਹੈ ਅਤੇ ਇਸ ਨੂੰ ਬਣਾਈ ਰੱਖਣਾ ਸਮੁੱਚੇ ਸਮਾਜ ਦਾ ਫਰਜ਼ ਹੈ। ਉਨ੍ਹਾਂ ਜੇਤੂਆਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ।

ਅਜੀਤ



ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਪ੍ਰਤਿਭਾ ਖੋਜ ਮੁਕਾਬਲੇ ਦੀ ਇਕ ਝਲਕ। ਅਜੀਤ ਤਸਵੀਰ

# ਮੋਦੀ ਕਾਲਜ 'ਚ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ

ਪਟਿਆਲਾ, 25 ਸਤੰਬਰ (ਗੁਰਪ੍ਰੀਤ ਸਿੰਘ ਚੱਠਾ)-ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਹਰ ਸਾਲ ਦੀ ਤਰ੍ਹਾਂ ਪ੍ਰਤਿਭਾ ਖੋਜ ਮੁਕਾਬਲਾ 2015 ਕਰਵਾਇਆ ਗਿਆ, ਜਿਸ ਵਿਚ ਸ: ਦਲਜੀਤ ਸਿੰਘ ਰਾਣਾ ਐੱਸ.ਪੀ. (ਸਿਟੀ), ਪਟਿਆਲਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਸ: ਹਰਦੀਪ ਸਿੰਘ ਬਡੂੰਗਰ ਟਰੈਫ਼ਿਕ ਇੰਚਾਰਜ, ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਮਹਿਮਾਨ ਦਲਜੀਤ ਸਿੰਘ ਰਾਣਾ ਨੇ ਵਿਦਿਆਰਥੀਆਂ ਦੀ ਭਾਸ਼ਣ ਕਲਾ ਵਿਚ ਉੱਤਮ ਪੇਸ਼ਕਾਰੀ ਦੀ ਪ੍ਰਸੰਸਾ ਕੀਤੀ। ਮੁੱਖ ਮਹਿਮਾਨ ਵਜੋਂ ਪਹੁੰਚੇ ਡਾ. ਸਤੀਸ਼ ਕੁਮਾਰ ਵਰਮਾ ਡੀਨ, ਯੁਵਕ ਭਲਾਈ, ਪੰਜਾਬੀ ਯੂਨੀਵਰਸਿਟੀ ਨੇ ਕਿਹਾ ਕਿ ਪ੍ਰਤਿਭਾ ਜਮਾਂਦਰੂ ਨਹੀਂ ਹੁੰਦੀ, ਇਹ ਤਾਂ ਕਮਾਉਣੀ ਪੈਂਦੀ ਹੈ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਯੁਵਕ ਮੇਲਿਆਂ ਵਿਚ ਕਲਾਤਮਕ ਤੇ ਸਾਹਿੱਤਿਕ ਮੁਕਾਬਲਿਆਂ ਦੀ ਪਰੰਪਰਾ ਨੇ ਅਨੇਕਾਂ ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਗਰੁੱਪ ਸ਼ਬਦ, ਸਮੂਹ ਗਾਇਨ, ਸਕਿੱਟ, ਗਿੱਧਾ ਤੇ ਭੰਗੜੇ ਦੀਆਂ ਟੀਮ ਆਈਟਮਾਂ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕੀਤੀਆਂ ਗਈਆਂ। ਸਮਾਗਮ ਦੇ ਅੰਤ ਵਿਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਡਾ. ਸਤੀਸ਼ ਕੁਮਾਰ ਵਰਮਾ ਡੀਨ ਯੁਵਕ ਭਲਾਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਜੇਤੂ ਪ੍ਰਤੀਯੋਗੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ।

**Dainik Jagran - August 14, 2014**

ਜਗ ਬਾਣੀ LUDHIANA • THURSDAY • 24.09.2015

# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ



ਐੱਸ. ਪੀ. ਦਲਜੀਤ ਸਿੰਘ ਰਾਣਾ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ।(ਸੁਖਵਿੰਦਰ)

ਪਟਿਆਲਾ, 23 ਸਤੰਬਰ, (ਜੋਸਨ)- ਮੁਲਤਾਨੀ ਮੱਲ ਮੋਦੀ ਕਾਲਜ ਵਿਖੇ 'ਪ੍ਰਤਿਭਾ ਖੋਜ ਮੁਕਾਬਲਾ - 2015' ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ ਸੁਪਰਡੈਂਟ ਆਫ ਪੁਲਸ ਸਿਟੀ ਦਲਜੀਤ ਸਿੰਘ ਰਾਣਾ ਨੇ ਆਖਿਆ ਕਿ ਭਾਸ਼ਣ ਕਰਨ ਵਿਚ ਮਾਹਰ ਹੋਣਾ ਵਿਦਿਆਰਥੀਆਂ ਲਈ ਬੇਹੱਦ ਜ਼ਰੂਰੀ ਹੈ। ਇਹ ਇਕ ਅਜਿਹੀ ਕਲਾ ਹੈ ਜਿਹੜੀ ਕਿ ਸਾਰੀ ਜ਼ਿੰਦਗੀ ਵਿਦਿਆਰਥੀਆਂ ਦੇ ਕੰਮ ਆਉਂਦੀ ਹੈ। ਇਸ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਟ੍ਰੈਫਿਕ ਇਚਾਰਜ ਇੰਸਪੈਕਟਰ ਸ. ਹਰਦੀਪ ਸਿੰਘ ਬਡੂੰਗਰ ਵੀ ਪਹੁੰਚੇ ਹੋਏ ਸਨ।

ਦਲਜੀਤ ਸਿੰਘ ਰਾਣਾ ਨੇ ਆਖਿਆ ਕਿ ਅੱਜ ਇਸ ਪ੍ਰੋਗਰਾਮ ਦੇ ਵਿਦਿਆਰਥੀਆਂ ਵਿਚ ਬੇਹੱਦ ਆਤਮ ਵਿਸ਼ਵਾਸ ਨਜ਼ਰ ਆ ਰਿਹਾ ਹੈ। ਸ਼੍ਰੀ ਰਾਣਾ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਦੀ ਜਵਾਨੀ ਨਸ਼ਿਆਂ ਦਾ ਸ਼ਿਕਾਰ ਹੋ ਰਹੀ ਹੈ। 17 ਤੋਂ 25 ਸਾਲ ਦੀ ਉਮਰ ਜੀਵਨ ਵਿਚ ਕੁਝ ਬਣਨ ਦਾ ਸਮਾਂ ਹੁੰਦੀ ਹੈ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਯੁਵਕ ਮੇਲਿਆਂ ਵਿਚ ਕਲਾਤਮਕ ਤੇ ਸਾਹਿਤਕ ਮੁਕਾਬਲਿਆਂ ਦੀ ਪ੍ਰੰਪਰਾ ਨੇ ਅਨੇਕਾਂ ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਸੱਭਿਆਚਾਰਕ ਸਰਗਰਮੀਆਂ ਹੁਣ ਅਕਾਦਮਿਕ ਕਲੰਡਰ ਦਾ ਅਨਿੱਖੜਵਾਂ ਅੰਗ ਬਣ ਚੁੱਕੀਆਂ ਹਨ।